# ਅਲੰਕਾਰ ਨਿਰਣਯ

ਪੰਡਿਤ ਕਰਤਾਰ ਸਿੰਘ (ਦਾਖਾ)
ਸਾਹਿਤਯਾਚਾਰਯ

ਦੂਜੀ ਵਾਰ ੧੯੫੩} {ਮੂਲ :

. Sri Satguru Jagjit Singh Ji eLibrary NamdhariElibrary@gmail.com .

੧ ੴ ਸਤਿਗੁਰ ਪ੍ਰਸਾਦਿ ॥

# ਅਲੰਕਾਰ ਨਿਰਣਯ

ਅਰਥਾਤ

ਕਾਵ੍ਯ ਵਿਦ੍ਯਾ ਦੇ ਜ਼ਰੂਰੀ ਅੰਗ 'ਅਲੰਕਾਰ' ਪ੍ਰਕਰਣ
ਦਾ ਵਿਚਾਰ ਪੂਰਬਕ ਸ਼ੁੱਧ ਬੋਧ

ਜਿਸਨੂੰ

ਪੰ: ਕਰਤਾਰ ਸਿੰਘ (ਦਾਖਾ) ਸਾਹਿਤ੍ਯਾਚਾਰਯ'

ਨੇ ਰਚਿਆ

—ਪ੍ਰਕਾਸ਼ਕ—

ਗਿਆਨੀ ਰਘਬੀਰ ਸਿੰਘ ਦਾਖਾ

(ਲੁਧਿਆਣਾ)

ਦੂਜੀ ਵੇਰ ੧੦੦੦ ਮੁੱਲ ॥-)

Sri Satguru Jagjit Singh Ji eLibrary NamdhariElibrary@gmail.com

੧ ਓ ਵਾਹਿਗੁਰੂ ਜੀ ਕੀ ਫਤਹ ॥

# ਭੂਮਿਕਾ !

੧. ਇਹ ਗਲ ਸਭ ਹੀ ਸਜਣ ਜਾਣਦੇ ਹਨ ਕਿ ਅਸੀਂ ਮਨ ਦੇ ਭਾਵ ਇਕ ਦੂਜੇ ਨੂੰ ਅਕਸਰ ਕਰਕੇ ਸ਼ਬਦ ਯਾ ਬਾਣੀ ਦ੍ਵਾਰਾ ਹੀ ਪਰਗਟ ਕਰਦੇ ਹਾਂ, ਕਿਉਂਕਿ ਵਾਕ ਦੇ ਸੁਣਦੇ ਸਾਰ ਹੀ ਉਹਦੇ ਹਰੇਕ ਪਦ ਦਾ ਬ੍ਰਿਤੀ (ਸ਼ਕਤੀ) ਸਹਿਤ ਗਿਆਨ ਹੋ ਕੇ ਉਸ (ਪਦ) ਦੇ ਸੰਬੰਧੀ (ਵਾਚਯ ਯਾ ਲਛ) ਪਦਾਰਥ ਦਾ ਗਿਆਨ ਹੁੰਦਾ ਹੈ। ਫੇਰ ਉਨ੍ਹਾਂ (ਪਦਾਂ) ਦਾ ਪਰਸਪਰ ਸੰਬੰਧ ਰੂਪ ਵਾਕਯਾਰਥ ਗਿਆਨ ਹੁੰਦਾ ਹੈ ਅਤੇ ਸਭ ਤੋਂ ਪਿਛੋਂ ਯੋਗਯਤਾ ਅਯੋਗਤਾ ਆਦੀ ਦੀ ਵਿਚਾਰ ਦ੍ਵਾਰਾ ਠੀਕ ਤਾਤਪਰਯ ਦਾ ਪਤਾ ਲਗਦਾ ਹੈ। ਸੋ ਪਦ ਤੋਂ ਅਰਥ ਦਾ ਗਿਆਨ ਕੋਸ਼ ਦ੍ਵਾਰਾ ਹੁੰਦਾ ਹੈ। ਪਦਾਂ ਦਾ ਪਰਸਪਰ ਸੰਬੰਧ ਦਾ ਗਿਆਨ ਵ੍ਯਾਕਰਣ ਵਿਦ੍ਯਾ ਤੋਂ ਹੁੰਦਾ ਹੈ ਅਤੇ ਦੂਸ਼ਣ ਭੂਸ਼ਣ ਦੀ ਵਿਚਾਰ ਰੂਪ ਯੋਗਯਤਾ ਦਾ ਗਿਆਨ ਹੋ ਕੇ ਠੀਕ ਤਾਤਪਰਯ ਦਾ ਨਿਸਚਯ ਸਾਹਿਤ੍ਯ ਦ੍ਵਾਰਾ ਹੀ ਹੋ ਸਕਦਾ ਹੈ।

੨. ਏਸ (ਸਾਹਿਤ੍ਯ) ਦੇ ਨਿਯਮਾਂ ਵਿਚ ਗੁੰਦੀ ਹੋਈ ਬਾਣੀ (ਛੰਦ ਬੰਦ ਯਾ ਵਾਰਤਿਕ) ਹੀ 'ਕਾਵ੍ਯ' ਕਹਾਉਂਦੀ ਹੈ ਜੋ ਸੁਣਨ ਵਾਲਿਆਂ ਨੂੰ ਕੇਵਲ ਆਪਣਾ ਤਾਤ ਪਰਯ

Sri Satguru Jagjit Singh Ji eLibrary NamdhariElibrary@gmail.com

ਦੱਸ ਕੇ ਹੀ ਨਹੀਂ ਚੁਪ ਕਰ ਜਾਂਦੀ ਕਿੰਤੂ ਉਨ੍ਹਾਂ ਦੇ ਹਿਰਦਿਆਂ ਤੇ ਆਪਣੇ ਉਪਦੇਸ਼ ਦਾ ਗੂੜ੍ਹਾ ਅਸਰ ਪਾ ਕੇ ਉਸਦੇ ਅਨੁਸਾਰੀ ਬਣਾਉਣ ਦੀ ਸਮਰਥਾ ਭੀ ਰਖਦੀ ਹੈ, ਕਿਉਂਕਿ ਬਾਣੀ ੩ ਤਰ੍ਹਾਂ ਦੀ ਕਹੀ ਗਈ ਹੈ (੧) ਰਾਜਾ ਦੀ ਨਿਆਈਂ ਆਗਿਆ ਕਰਨ ਵਾਲੀ (ਪ੍ਰਭੂ ਸੰਮਤਿ)। (੨) ਮਿਤ੍ਰ ਵਾਂਗ ਸਲਾਹ ਦੇਣ ਵਾਲੀ ਅਰਥਾਤ ਸੁਹਿਰਦ ਸੰਮਤਿ। (੩) ਮੋਹਿਣੀ (ਇਸਤਰੀ) ਦੀ ਤਰ੍ਹਾਂ ਅਪਣੇ ਕਥਨ ਦੀ ਸੁੰਦਰਤਾ ਨਾਲ ਸ੍ਰੋਤੇ ਨੂੰ ਵਸ ਕਰਨ ਵਾਲੀ ਅਰਥਾਤ ਕਾਂਤਾ ਸੰਮਤਿ। ਸੋਈ 'ਕਾਵਯ' ਨਾਮ ਕਰਕੇ ਪਰਸਿੱਧ ਹੈ। ਵਿਦ੍ਵਾਨਾਂ ਨੇ ਕਿਹਾ ਭੀ ਹੈ:—

"ਰਮਣੀਯਾਰਥ ਪ੍ਰਤਿਪਾਦਕ: ਸ਼ਬਦ: ਕਾਵਯਮ" ਅਰਥਾਤ ਅਤਯੰਤ ਸੁੰਦਰ ਅਰਥ ਕਹਿਣ ਵਾਲਾ ਸ਼ਬਦ 'ਕਾਵਯ' ਹੈ ਅਤੇ "ਵਾਕਯੰ ਰਸਾਤਮਕੰ ਕਾਵਯਮ" ਅਰਥਾਤ ਜੋ ਵਾਕਯ ਰਸਾਤਮਕ ਹੋ ਉਹ 'ਕਾਵਯ' ਹੈ। ਬਲਕਿ ਕਈਆਂ ਨੇ ਸਾਖਿਆਤ ਹੀ ਕਾਮਣੀ ਸ੍ਵਰੂਪ ਕਹਿ ਕੇ ਇਹਦੇ ਅੰਗ ਆਦੀ ਇਸ ਪ੍ਰਕਾਰ ਗਿਣੇ ਹਨ:—"ਰਸ ਕਵਿਤਾ ਕੋ ਅੰਗ, ਭੂਸ਼ਣ ਹੈਂ ਭੂਸ਼ਣ ਸ਼ਕਲ। ਗੁਣ ਸ੍ਵਰੂਪ ਅਰੁ ਰੰਗ ਦੂਸ਼ਣ ਕਰੈਂ ਕੁਰੂਪਤਾ।" ਭਾਵ ਸ਼ਿੰਗਾਰ ਆਦੀ ਰਸ ਤਾਂ ਕਵਿਤਾ ਰੂਪੀ ਇਸਤ੍ਰੀ ਦੇ ਅੰਗ ਹਨ, ਅਲੰਕਾਰ ਗਹਿਣੇ ਹਨ, ਮਾਧੁਰਯ (ਮਿਠਾਸ) ਆਦੀ ਗੁਣ ਰੰਗ ਹਨ ਅਤੇ ਸ਼੍ਰੁਤਿਕਟੁ (ਸੁਣਨ ਵਿਚ ਕੌੜਾ) ਆਦੀ ਦੋਸ਼ ਇਹਨੂੰ ਕੁਰੂਪ ਕਰਨ ਵਾਲੇ ਹਨ। ਗੱਲ ਕੀ ਕਾਵਯ ਰੂਪੀ ਕਾਮਣੀ ਨ ਤਾਂ ਕਿਸੇ ਨੂੰ ਤਾੜਦੀ ਹੈ ਅਤੇ ਨ ਹੀ ਕਿਸੇ ਨੂੰ ਸਲਾਹ ਦੇਣ ਯਾ ਦੀਨਤਾ ਕਰਨ ਦੀ ਲੋੜ ਰਖਦੀ ਹੈ, ਕਿੰਤੂ ਕੇਵਲ ਅਪਣੇ ਰਸ, ਅਲੰਕਾਰ, ਗੁਣ

ਆਦੀ ਸਾਧਨਾ ਦੇ ਕਟਾਖਯ ਅਤੇ ਹਾਵ ਭਾਵਾਂ ਦੀ ਸੂਤੇ ਸਿੱਧ ਸ਼ੈਲੀ ਨਾਲ ਸ੍ਰੋਤਾ ਨੂੰ ਸੱਚ ਮੁਚ ਹੀ ਅਪਣਾ ਅਨੁਸਾਰੀ ਬਣਾ ਲੈਂਦੀ ਹੈ। ਏਥੇ ਹੀ ਵੱਸ ਨਹੀਂ ਬਲਕਿ ਲੋਕ ਵਯਵਹਾਰ ਦਾ ਗਿਆਨ ਤੇ ਕੁਸ਼ਲਤਾ ਦ੍ਵਾਰਾ ਧਨ ਆਦਿ ਲਾਭ ਕਰਾਉਂਦੀ ਹੋਈ ਯਸ ਦੀ ਬ੍ਰਿਧੀ ਭੀ ਕਰਦੀ ਹੈ। ਕੇਵਲ ਬਿਰਧੀ ਹੀ ਨਹੀਂ ਸਗੋਂ ਨਿਸ਼ਕਪਟਤਾ ਤੇ ਪ੍ਰੇਮ ਦੇ ਬਾਣਾਂ ਨਾਲ ਵਿੰਨ੍ਹੇ ਹੋਏ ਸਰਲ ਤੇ ਏਕਾਗਰ ਸਦ ਹਿਰਦਿਆਂ ਨੂੰ ਅਲੌਕਿਕ ਆਨੰਦ ਬਖਸ਼ਦੀ ਹੋਈ ਸਾਂਸਾਰਿਕ ਮਲੀਨਤਾ ਤੋਂ ਪਰੇ ਕਰਕੇ ਸਹਿਜਾਨੰਦ ਪ੍ਰਾਪਤੀ ਦੇ ਦ੍ਵਾਰੇ ਦੇ ਸਨਮੁਖ ਕਰ ਦਿੰਦੀ ਹੈ। ਇਸ ਲਈ ਕਵੀਕਰ ਦਾ ਠੀਕ ਆਸ਼ਯ ਪ੍ਰਗਟ ਕਰਨ ਵਾਲੀ, ਸ੍ਰੋਤਾ ਨੂੰ ਮੋਹਣੀ ਸਮਾਨ ਵੱਸ ਕਰ ਲੈਣ ਵਾਲੀ, ਵਯਵਹਾਰ ਗਿਆਨ, ਧਨ ਤੇ ਯਸ ਵਧਾਉਣ ਵਾਲੀ ਅਤੇ ਪਰਮਾਨੰਦ ਦੀ ਪ੍ਰਾਪਤੀ ਦ੍ਵਾਰਾ ਸਹਿਜਾਨੰਦ ਦੇ ਸਨਮੁਖ ਕਰ ਦੇਣ ਵਾਲੀ ਸਰਸ੍ਵਤੀ ਸ਼ਾਲੀ 'ਕਾਵਯ' ਦੇਵੀ ਨੂੰ ਭੇਟਣਾ ਮਨੁੱਖ ਮਾਤਰ ਲਈ ਅਤਯੰਤ ਲੋੜੀਂਦਾ ਕਰਤਵਯ ਹੈ। ਨਹੀਂ ਤਾਂ "ਸਾਹਿਤਯ ਸੰਗੀਤ ਕਲਾ ਵਿਹੀਨ: ਸਾਖਿਆਤ ਪਸ਼ੂ ਪੁੱਛ ਵਿਸ਼ਾਣ ਹੀਨ:" ਅਰਥਾਤ 'ਸਾਹਿਤਯ' ਤੇ 'ਸੰਗੀਤ' ਦੀ ਕਲਾ ਤੋਂ ਬਿਨਾ ਪੁਰਸ਼ ਸਿੰਗ ਤੇ ਪੂਛ ਬਾਹਰਾ ਸਾਖਯਾਤ ਪਸ਼ੂ ਹੀ ਹੈ। ਏਸ ਪਰਾਚੀਨ ਉਲਾਂਭੇ ਨੂੰ ਆਦਰ ਨਾਲ ਕਬੂਲ ਕਰਨਾ ਪਏਗਾ।

੩. ਜਿਸ ਤਰ੍ਹਾਂ ਸੁੰਦਰ ਰੂਪ ਤੇ ਜੋਬਨ ਵਾਲੀ ਮਗਰ ਗਹਿਣੇ ਬਸਤਰਾਂ ਤੋਂ ਰਹਿਤ ਇਸਤ੍ਰੀ ਦੇ ਸ੍ਵਰੂਪ ਵਿਚ ਕੋਈ ਦੋਸ਼ ਨਹੀਂ ਹੁੰਦਾ ਉਸੇ ਤਰ੍ਹਾਂ ਭੂਸ਼ਣ (ਅਲੰਕਾਰਾਂ)

Sri Satguru Jagjit Singh Ji eLibrary NamdhariElibrary@gmail.com

ਤੋਂ ਬਿਨਾਂ 'ਕਾਵਯ' ਭੀ ਭਾਵੇਂ ਦੋਸ਼ ਵਾਲੀ ਨਹੀਂ ਹੋ ਸਕਦੀ ਪ੍ਰੰਤੂ ਦੋਸ਼ ਵਾਲੀ ਨ ਹੋਣਾ ਕੋਈ ਵਡਿਆਈ ਨਹੀਂ, ਬਲਕਿ ਬੇਸਜ ਅਤੇ ਨੰਗੀ ਹੋਣ ਕਰਕੇ ਆਦਰ ਯੋਗ ਨਹੀਂ ਹੁੰਦੀ। ਸੋ ਕਾਵਯ ਰੂਪੀ ਇਸਤਰੀ ਦਾ ਨੰਗੇਜ ਢਕ ਕੇ ਉਹਦੀ ਸੋਭਾ ਬਣਾਉਣ ਵਾਲੇ ਅਲੰਕਾਰ ਹੀ ਹਨ। ਇਸ ਲਈ ਉਹਨਾਂ ਦਾ ਵਰਣਨ ਸਭ ਤੋਂ ਪਹਿਲਾਂ ਹੋਣਾ ਚਾਹੀਦਾ ਹੈ।

੪. ਅਲੰਕਾਰ ੩ ਤਰ੍ਹਾਂ ਦੇ ਹਨ:-

(੧) ਸ਼ਬਦਾਲੰਕਾਰ ਅਰਥਾਤ ਕੇਵਲ ਸ਼ਬਦ ਦੀ ਧੁਨੀ ਵਿਚ ਹੀ ਚਮਤਿਕਾਰ ਹੋਣਾ।

(੨) ਅਰਥਾਲੰਕਾਰ ਅਰਥਾਤ ਅਰਥ ਵਿਚ ਚਮਤਿਕਾਰ ਹੋਣਾ।

(੩) ਉਭਯਾਲੰਕਾਰ ਅਰਥਾਤ ਸ਼ਬਦ ਤੇ ਅਰਥ ਦੀਆਂ ਸ਼ਕਤੀਆਂ (ਦੋਹਾਂ) ਕਰਕੇ ਚਮਤਿਕਾਰ ਹੋਣਾ।

੫. ਭਾਵੇਂ ਸੰਸਕ੍ਰਿਤ ਤੇ ਹਿੰਦੀ ਵਿਚ ਏਸ ਵਿਸ਼ਯ ਦੀਆਂ ਅਣਗਿਣਤ ਹੀ ਪੁਸਤਕਾਂ ਹਨ ਮਗਰ ਉਹਨਾਂ ਤੋਂ ਸਰਬ ਸਾਧਾਰਣ ਪੁਰਸ਼ ਖਾਸ ਕਰਕੇ 'ਪੰਜਾਬੀ ਦੇ ਹੀ ਜਾਣੂ' ਵਿਸ਼ੇਸ਼ ਲਾਭ ਨਹੀਂ ਉਠਾ ਸਕਦੇ। ਇਹਦੇ ਕਾਰਣ ਏਹ ਹਨ:-

(੧) ਵਿਦ੍ਵਤਾ ਦਿਖਾਉਣ ਦੇ ਖਿਆਲ ਕਰਕੇ ਭਾਸ਼ਾ ਦੀ ਕਠਿਨਤਾ ਹੋਣੀ।

(੨) ਸਾਰੀ ਛੰਦਾ ਬੰਦੀ ਹੀ ਹੋਣੀ ਉਸਤੇ ਕਿਤੇ ਤਿਲਕ ਆਦਿ ਦ੍ਵਾਰਾ ਸੂਰਨਾ ਨ ਹੋਣੀ।

(੩) ਸਮਝੌਣ ਦਾ ਯਤਨ ਨ ਕਰਕੇ ਨੋਟ ਬੁੱਕਾਂ ਹੀ ਬਣਾਉਣੀਆਂ।

Sri Satguru Jagjit Singh Ji eLibrary NamdhariElibrary@gmail.com

(੪) ਪਦਾਰਥਾਂ ਦੀ ਵੰਡ ਦਾ ਚੰਗੀ ਤਰ੍ਹਾਂ ਨ ਹੋਣਾ।

(੫) ਸਭਨਾਂ ਵਿਚ ਇਸਤ੍ਰੀਆਂ ਦੇ ਅੰਗਾਂ ਦੀ ਉਪਮਾ ਅਤੇ ਗੰਦ ਮੰਦ ਹੀ ਹੋਣਾ।

੬. ਏਸ ਵਿਸ਼ਯ ਦਾ ਗੁਰਮੁਖੀ ਅੱਖਰਾਂ ਵਿਚ ਭਾਈ ਟਹਿਲ ਸਿੰਘ ਜੀ ਦਾ ਰਚਿਆ ਹੋਇਆ 'ਅਲੰਕਾਰ ਸਾਗਰ ਸੁਧਾ' ਨਾਮੇ ਪੁਸਤਕ ਮਿਲਦਾ ਹੈ, ਮਗਰ ਉਸ ਵਿਚ ਛੇਕੜਲੇ ਦੋਸ਼ ਤੋਂ ਬਿਨਾਂ ਉਪਰ ਲਿਖੇ ਕਈ ਘਾਟੇ ਹਨ। ਏਸ ਤੋਂ ਬਿਨਾਂ ਗੁਰਮੁਖੀ ਅੱਖਰਾਂ ਯਾ ਪੰਜਾਬੀ ਬੋਲੀ ਵਿਚ ਕੋਈ ਨਿਰਭ੍ਰਾਂਤ ਅਲੰਕਾਰ ਗ੍ਰੰਥ ਉੱਕਾ ਹੀ ਵਿਖਾਈ ਨਹੀਂ ਦਿੰਦਾ। ਇਹੀ ਕਾਰਣ ਹੈ ਕਿ ਸਾਧਾਰਣ ਲੋਕਾਂ ਤੋਂ ਬਿਨਾਂ ਬਹੁਤ ਸਾਰੇ ਪੰਜਾਬੀ ਲੇਖਕ ਅਤੇ ਐਡੀਟਰ ਸਾਹਿਬਾਨ ਭੀ ਅਲੰਕਾਰਾਂ ਦੀ ਸੂਝ ਅਤੇ ਰਚਨਾ ਤੋਂ ਹੁਣ ਤਕ ਸੁੰਨਜ ਹਨ। ਏਸ ਲਈ ਇਹ ਘਾਟਾ ਅਤੇ ਅਨਮਤੀਆਂ ਯਾ ਪੰਜਾਬੀ ਦੇ ਦ੍ਵੈਖੀਆਂ ਦੇ ਉਲਾਂਭਿਆਂ ਦਾ ਦੁਸਹ ਦੁਖ ਅਨੁਭਵ ਕਰਕੇ ਏਸ ਰਤਖੇੜੇ ਨੂੰ ਸਦਾ ਵਾਸਤੇ ਮੁਕਾ ਦੇਣ ਲਈ 'ਗੁਰੂ ਕਾਵ੍ਯ ਦਰਸ਼ਨ' ਦੀ ਦੂਜੀ†ਝਲਕ ਵਿਚ ਉਪਰੋਕਤਿ ਦੋਸ਼ਾਂ ਤੋਂ ਬਚਾਕੇ ਵਿਸਥਾਰ ਸਹਿਤ ਅਲੰਕਾਰਾਂ ਦੀ ਸੁੰਦਰ ਰਚਨਾ ਕੀਤੀ ਗਈ। ਮਗਰ ਉਹ ਪੁਸਤਕ ਏਸ ਵਿਸ਼ਯ ਦੀ ਪਹਿਲੀ ਸ਼੍ਰੇਣੀ ਦੇ ਵਿਦਿਆ-ਰਥੀਆਂ ਦੀ ਸਮਝ ਤੋਂ ਬਹੁਤ ਉਚੇਰੀ ਹੋਣ ਕਰਕੇ ਉਸਦਾ ਅਤਯੰਤ ਸੰਖੇਪ ਬਣਾਕੇ 'ਅਲੰਕਾਰ ਨਿਰਣਯ' ਨਾਮ ਦਾ ਇਹ ਪੁਸਤਕ ਉਕਤਿ ਪ੍ਰਕਾਰ ਦੇ ਸੱਜਣਾ ਦੀ ਭੇਟਾ ਕੀਤਾ ਜਾਂਦਾ ਹੈ।

---

†ਅਲੰਕਾਰ ਦਰਸ਼ਨ।

Sri Satguru Jagjit Singh Ji eLibrary NamdhariElibrary@gmail.com

੭. ਏਸ ਵਿਚ ਅਲੰਕਾਰ ਦਾ ਪਰਸਪਰ ਅਤੇ ਵ੍ਯੰਗਯ ਆਦਿਕਾਂ ਤੋਂ ਵਖਰੇ ਹੋਣ ਆਦੀ ਦਾ ਨਿਰਣਯ ਕੀਤਾ ਜਾਣ ਕਰਕੇ ਉਕਤਿ ਨਾਮ ਸਫਲ ਹੈ।

੮. ਇਸ ਦੇ ਪਦਾਰਥਾਂ ਦਾ ਵੇਰਵਾ ਇਉਂ ਹੈ:—

(ੳ) ਪਹਿਲੇ ਚਾਰ ਤਰੰਗਾਂ ਵਿਚ ਅਰਥਾਲੰਕਾਰ ਦਸੇ ਗਏ ਹਨ। ਅਤੇ ੫ ਵੇਂ ਵਿਚ ਸ਼ਬਦਾਲੰਕਾਰ, ਉਭਯਾਲੰਕਾਰ ਅਤੇ ਦੋਸ਼ਾਦੋਸ਼ ਆਦੀ ਦੀ ਸੰਖੇਪ ਰਚਨਾ ਹੈ।

(ਅ) ਹਰੇਕ ਪਦਾਰਥਾਂ ਦਾ ਲੱਛਣ ਉਦਾਹਰਣ ਦੇ ਕੇ ਲੋੜ ਅਨੁਸਾਰ ਤਿਲਕ ਯਾ ਭਾਵ ਲਿਖ ੨ ਸਮਝਾਇਆ ਹੈ।

(ੲ) ਸਭ ਉਦਾਹਰਣ ਗੁਰਿਉਪਮਾ ਯਾ ਇਤਿਹਾਸਕ ਸ਼ੁਭ ਵਾਰਤਾ ਵਿਚ ਘਟਾਏ ਹਨ। ਅਤੇ ਉਨ੍ਹਾਂ ਦਾ ਸਮਨ੍ਵਯ (ਸੰਗਤਿ) ਲੱਛਣ ਨਾਲ ਚੰਗੀ ਤਰ੍ਹਾਂ ਕੀਤੀ ਗਈ ਹੈ।

(ਸ) ਇਸ ਵਿਚਲੇ ਸਭ ਛੰਦ ਆਪਣੇ ਹੀ ਬਣੇ ਹਨ। ਕਈਆਂ ਕੱਚਿਆਂ ਖੋਜੀਆਂ ਵਾਂਗ ਲੋਕਾਂ ਦੇ ਕਥਨ ਦੀ ਗਲਤ ਫਲਤ ਨਕਲ ਹੀ ਨਹੀਂ ਕਰ ਦਿਤੀ।

(ਹ) †ਸੰਕੇਤਕ ਪਦਾਂ ਤੋਂ ਬਿਨਾਂ ਵਾਹ ਲਗਦੀ ਪੰਜਾਬੀ ਹੀ ਵਰਤੀ ਹੈ ਮਗਰ ਜੇ ਕਿਤੇ ਬੇਵਸੀ ਨਾਲ ਹੋਰ ਭਾਸ਼ਾ ਦਾ

---

†ਪੰਜਾਬੀ ਵਿਚ ਭੀ ਸਾਰੇ ਦੇ ਸਾਰੇ ਸੰਕੇਤਕ ਪਦ ਬੜੇ ਸੁੰਦਰ ਬਣ ਸਕਦੇ ਹਨ ਮਗਰ ਉਨ੍ਹਾਂ ਦੀ ਸਮਝ ਭੀ ਸਮਝਾਏ ਬਿਨਾਂ ਨਹੀਂ ਆਉਂਦੀ। ਇਸ ਲਈ ਅਗਲੇ ਪ੍ਰਸਿੱਧ ਸੰਕੇਤ ਭੀ ਵਰਤ ਲਏ ਹਨ।

Sri Satguru Jagjit Singh Ji eLibrary NamdhariElibrary@gmail.com

ਕੋਈ ਪਦ ਪੈ ਗਿਆ ਹੈ ਤਾਂ ਉਹਦਾ ਟਿੱਪਣੀ ਵਿਚ ਅਰਥ ਕਰ ਦਿਤਾ ਗਿਆ ਹੈ।

(ਕ) ਤਿ: ਤੋਂ ਤਿਲਕ, ਸੂ: ਤੋਂ ਸੂਚਨਾ ਅਤੇ ਉ: ਤੋਂ ਉਦਾਹਰਣ ਸਮਝਣਾ।

੯. ਖੜਗ ਬੰਦ ਆਦਿਕ ਲੇਖਣੀ ਚਿਤ੍ਰਾਂ ਦਾ ਅੰਤਕਾ ਭੀ ਅੰਤ ਵਿਚ ਦਿਤਾ ਗਿਆ ਹੈ।

੧੦. ਆਸ਼ਾ ਹੈ ਕਿ ਵਿਦਿਆਰਥੀ ਏਸ ਤੋਂ ਪੂਰਨ ਲਾਭ ਉਠਾ ਕੇ ਤੁੱਛ ਘਾਲ ਨੂੰ ਸਫਲ ਕਰਦੇ ਹੋਏ ਬੜੇ ਪੁਤਸਕ ਦੇ ਛੇਤੀ ਪ੍ਰਕਾਸ਼ਤ ਕਰਨ ਵਿਚ ਉਤਸ਼ਾਹ ਵਧਾਉਣਗੇ।

ਖਾਲਸਾ ਉਪਦੇਸ਼ਕ—
ਮਹਾਂ ਵਿਦਯਾਲਯ
ਲੁਦਿਹਾਣਾ
੧੦ ਨਵੰਬਰ ੧੯੨੨

ਖਾਲਸਾ ਜੀ ਦੀ ਪਰਮ ਕ੍ਰਿਪਾ
ਦਾ ਪਾਤ੍ਰ—
ਪੰਡਿਤ ਕਰਤਾਰ ਸਿੰਘ (ਦਾਖਾ)
ਲੁਦਿਹਾਣ

ੴ ਸਤਿਗੁਰ ਪ੍ਰਸਾਦਿ ॥

# 'ਅਲੰਕਾਰ ਨਿਰਣਯ'

[ਤਰੰਗ ਪਹਿਲਾ]

## ਨਮਸਕਾਰ ਰੂਪ ਮੰਗਲ

ਦੋਹਿਰਾ—

ਸਤਿਗੁਰ ਨਾਨਕ ਜਗਤ ਗੁਰਿ ਚਰਨ ਕਮਲ ਸਰਣਾਇ।
ਅਲੰਕਾਰ ਨਿਰਣਯ ਰਚਾਂ ਕਵਿ ਜਨ ਕਰੋ ਸਹਾਇ ॥੧॥

## ਪਦ ਵਰਣਨ

ਦੋਹਿਰਾ—

ਵਾਚਕ ਲਖਯਕ ਵਯੰਜਕੋ ਤਿੰਨ ਭਾਂਤ ਪਦ ਜਾਨ।
ਵਾਚਕ ਮੂਲ ਪਛਾਨੀਏ ਸੋ ਹੁਣ ਕਰਾਂ ਬਖਾਨ ॥੨॥

## ਵਾਚਕ ਅਤੇ ਵਾਚਯ ਦਾ ਲੱਛਣ—

ਦੋਹਿਰਾ—

ਵਾਚਕ ਨਾਮ ਸੁ ਵਸਤੁ ਦਾ ਜਾਣੋ ਵਾਚਯ ਸਰੂਪ।
ਵਾਚਕ ਸੰਗਯਾ ਅਵਯਯ ਅਰੁ ਕ੍ਰਿਯਾ ਆਦਿ ਅਨੂਪ ॥੩॥

ਤਿਲਕ—ਬੋਲਣ ਵਾਲਾ ਅਤੇ ਅਰਥ ਵਾਲਾ ਸ਼ਬਦ ਵਾਚਕ ਹੈ ਅਤੇ ਉਹਦਾ ਅਰਥ ਵਾਚਯ ਹੈ। ਲਛਣਾਂ ਤੋਂ ਨਿਕਲਣ

Sri Satguru Jagjit Singh Ji eLibrary NamdhariElibrary@gmail.com

ਵਾਲਾ, ਅਰਥ ਲੱਛਾਰਥ ਅਤੇ ਵਯੰਜਨਾ ਸ਼ਕਤੀ ਦਵਾਰਾ ਵਯੰਜਕ ਪਦ ਤੋਂ ਨਿਕਲਣ ਵਾਲਾ ਅਰਥ ਵਯੰਗ ਜਾਨਣਾ। ਜਾਤੀ ਭੇਦ ਕਰਕੇ ਵਾਚਕ ਸ਼ਬਦ ਤਿੰਨ ਤਰਾਂ ਦੇ ਹਨ। ਜੈਸੇ:- ਪੁਰਖ ਆਦੀ ਦਾ ਨਾਉਂ ਸੰਗਿਆ ਹੈ, ਕਿਸੇ ਕੰਮ ਦੇ ਹੋਣ ਨੂੰ 'ਕਿਰਿਆ' ਆਖਦੇ ਹਨ। ਅਤੇ ਸੰਗਯਾ, ਕ੍ਰਿਯਾ ਤੋਂ ਵਖਰੇ ਇਨ੍ਹਾਂ ਦਾ ਸੰਬੰਧ ਆਦੀ ਦੱਸਣ ਵਾਲੇ ਅਵਯਯ ਹਨ। 'ਮੂਲ ਦੇ ਆਦਿ ਪਦ ਤੋਂ ਨਿਪਾਤ, ਉਪਸਰਗ' ਅਤੇ ਪ੍ਰਤਯ ਦਾ ਗ੍ਰਹਿਣ ਹੈ।

## ੧ਅਲੰਕਾਰ ਲਛਣ

### ਦੋਹਿਰਾ—

ਵਾਚਯ ਵਾਚਕੇ ਹੋਇ ਜਦ ਚਮਤਿਕਾਰ ਸੁ ਵਿਚੱਤ੍ਰ।
ਵਯੰਗ ਅਰਥ ਤੇ ਰਹਿਤ ਸੋ ਅਲੰਕਾਰ ਯਾ ਚਿੱਤ੍ਰ॥੪॥

ਤਿਲਕ—ਸ਼ਬਦ ਜਾਂ ਵਾਚਾਰਥ ਵਿਚ ਹੀ ਚਮਤਿਕਾਰ ਹੋਵੇ। ਅਰਥਾਤ ਵਯੰਗਯ ਰਥ ਤੋਂ ਬਿਨਾਂ ਹੀ ਜਿਸ ਬਾਣੀ ਵਿਚ ਚਮਤਿਕਾਰ ਹੋਵੇ ਉਹ ਅਲੰਕਾਰ ਅਥਵਾ ਚਿਤ੍ਰ ਹੈ।

## ਅਲੰਕਾਰ ਪ੍ਰਕਾਰ ਵਰਣਨ—

### ਦੋਹਿਰਾ—

ਤਿੰਨ ਭਾਂਤ ਦੇ ਆਖਦੇ ਅਲੰਕਾਰ ਕਵਿਰਾਜ।
ਸ਼ਬਦ ਅਰਥ ਕਰਿ ਜਾਣੀਏ ਤੀਜੇ ਮਿੱਸੇ ਸਾਜ॥੫॥

---

੧ਬਾਣੀ ਦਾ ਗਹਿਣਾ, ਭੂਸ਼ਣ ਅਥਵਾ ਸਜਾਵਟ।

Sri Satguru Jagjit Singh Ji eLibrary NamdhariElibrary@gmail.com

# ਲੱਛਣ

ਦੋਹਿਰਾ—

ਸ਼ਬਦੋਂ ਬਣੇ ਸੁ 'ਸ਼ਬਦ' ਹੈ ਅਰਥੋਂ ਬਣੇ ਸੁ ਅਰਥ।
ਸ਼ਬਦਾਰਥ ਭੂਸ਼ਣ ਲਖੋ ਰਖਦਾ ਦੋਇ ਸਮਰਥ ॥੬॥
ਸਭੇ ਚਿਤ੍ਰ ਹੈ ਰਚਣ ਵਿਚ ਭਾਵੇਂ ਸ਼ਬਦ ਵਿਧਾਨ।
ਐਪਰ ਚਿੱਤ੍ਰ ਨ ਦੇਣ ਰਸ ਬਿਨ ੧ਉਮਾ ਵਯਾਖਯਾਨ ॥੭॥
ਤਾਂਤੇ ਪ੍ਰਿਥਮ ਤਰੰਗ ਵਿਚ ਉਪਮਾਦਿਕ ਵਿਸਥਾਰ।
ਲੱਛਣ ਬੰਨਗ ਧਾਰਕੇ ਕਰਿਆ ਮਤਿ ਅਨੁਸਾਰ ॥੮॥

## ੧. ਉਪਮਾ ਅਲੰਕਾਰ ਲੱਛਣ

ਦੋਹਿਰਾ—

ਜਦ ੨ਉਪਮਾ ਉਪਮੇਯ ਦਾ ਭੇਦ ਸਹਿਤ ੩ਸਾਧਰਮ।
ਤਦ ਉਪਮਾਲੰਕਾਰ ਹੈ ਕਹਿਣ ਸੁ ਕਵਿ ਮਨ ਮਰਮ ॥੯॥

## 'ਉਪਮਾਨ' ਆਦਿ ਦਾ ਲੱਛਣ

ਦੋਹਿਰਾ—

ਜਿਸ ਸਮਤਾ 'ਉਪਮਾਨ' ਸੋ ਜਿਸ ਵਰਣਨ 'ਉਪਮੇਯ'।
ਗੁਣ ਬੋਧਕ ਪਦ 'ਧਰਮ' ਹੈ ਅਵੱਜ ਸੁ ਵਾਚਕ ਨੇਯ ॥੧੦॥

ਤਿਲਕ—ਜਿਸ ਸਰੀਖਾ ਆਖੀਏ ਸੋ ਉਪਮਾਨ, ਜਿਸਨੂੰ ਉਸ ਵਰਗਾ ਆਖੀਏ ਉਹ ਉਪਮੇਯ, ਦੋਹਾਂ ਦਾ ਸਾਂਝਾ ਧਰਮ—'ਸਾਧਾਰਣ ਧਰਮ' ਅਤੇ 'ਜਿਹਾ', 'ਵਰਗਾ' ਆਦਿਕ ਸ਼ਬਦ 'ਵਾਚਕ' ਹਨ।

---

੧ਇਕ ਅਲੰਕਾਰ ੨ਉਪਮਾਨ ਦਾ ਨਾਉਂ ੩ਸਾਂਝਾ ਧਰਮ।

. Sri Satguru Jagjit Singh Ji eLibrary NamdhariElibrary@gmail.com .

## ਉਪਮੇਯ—ਉਪਮਾਨ ਦੇ ਹੋਰ ਨਾਉਂ

ਗਾਦਜ—ਪ੍ਰਕ੍ਰਿਤ, ਪ੍ਰਸਤੁਤ, ਵਿਸ਼ਯ, ਵਰਣੀਯ, ਅਤੇ ਸੰਗਜਾ ਇਹ ਨਾਮ ਉਪਮੇਯ ਦੇ ਹਨ। ਅਪ੍ਰਕ੍ਰਿਤ, ਅਪ੍ਰਸਤੁਤ, ਵਿਸ਼ਯੀ, ਵਰਣੀਮਾਨ, ਸੰਗਯੀ ਅਤੇ ਉਪਮਾ ਇਹ ਨਾਮ ਉਪਮਾਨ ਦੇ ਹਨ।

## 'ਪੂਰਨ ਤੇ ਲੁਪਤ ਉਪਮਾ' ਦਾ ਲੱਛਣ

ਦੋਹਿਰਾ—

ਪੂਰਨ ਉਪਮਾ ਜਾਨੀਏ ਪੂਰਨ ਚਾਰੇ ਅੰਗ।
ਇਕ ਦੋ ਤ੍ਰੈ ਦਾ ਲੋਪ ਤਦ, ਲੁਪਤੋਪਮਾ ਪ੍ਰਸੰਗ ॥੧੧॥

## (ੳ) ਪੂਰਨ ਉਪਮਾ ਬੰਨਗੀ

ਦੋਹਿਰਾ—

ਪੱਥਰ ਜਿਉਂ ਚਿਤ ਕਠਿਨ ਜੜ੍ਹ, ਬੋਲ ਚੁਭਣ ਜਿਉਂ ਸੂਲ।
ਗੁਰਮੁਖ ਬਾਣੀ ਜਾਣੀਏ ਸੁਧਾ ਤੁੱਲ ਜੀ ਮੂਲ ॥੧੨॥

ਤਿਲਕ—ਪੱਥਰ ਆਦਿ ਉਪਮਾਨ 'ਜਿਉਂ' ਆਦਿ 'ਵਾਚਕ' ਸ਼ਬਦ 'ਚਿੱਤ' ਆਦਿਕ ਉਪਮੇਯ ਅਤੇ 'ਕਠਿਨ' ਆਦਿਕ 'ਸਾਧਾਰਣ ਧਰਮ' ਹਨ।

## (ਅ) ਲੁਪਤ ਉਪਮਾ ਬੰਨਗੀ

ਦੋਹਿਰਾ—

ਨਹੀਂ ਸੁਜਾਖਾ ਸੰਤ ਸਮ ਨਿਗੁਰੇ ਜਿਹਾ ਨ ਅੰਧੁ।
ਗੁਰ ਸਾ ਦਾਤਾ ਕੋ ਨਹੀਂ, ਨਹੀਂ ਨਾਮ ਸਮ ਬੰਧੁ ॥੧੩॥

ਤਿਲਕ—ਇਸ ਵਿਚ 'ਸੰਤ' ਆਦਿ ਉਪਮੇਯ 'ਸੁਜਾਖਾ'

Sri Satguru Jagjit Singh Ji eLibrary NamdhariElibrary@gmail.com

ਆਦਿ ਧਰਮ 'ਸਮ' ਆਦਿਕ 'ਵਾਚਕ' ਸ਼ਬਦ ਹਨ ਪਰ ਉਪਮੇਯ ਲੁਪਤ ਹੈ।

## ੨. ਉਪਮਾ ਮਾਲਾ ਅਲੰਕਾਰ ਲੱਛਣ

ਦੋਹਿਰਾ—

ਜਿਥੇ ਇਕ ਉਪਮੇਯ ਦੇ, ਹੋਣ ਬਹੁਤ ਉਪਮਾਨ।
ਭਿੰਨ ਅਭਿੰਨ ਸੁ ਧਰਮ ਤੇ 'ਉਪਮਾ ਮਾਲਾ' ਜਾਨ ॥੧੪॥

ਤਿਲਕ—ਉਪਮੇਯ ਉਪਮਾਨ ਦੀ ਤੁੱਲਤਾ ਦੀ ਲੜੀ ਭਿੰਨ ੨ ਧਰਮ ਅਤੇ ਇਕੋ ਧਰਮ ਤੇ ਹੋਵੇ।

### ਬੰਨਗੀ ਇਕੋ ਧਰਮ ਤੇ

ਕਬਿੱਤ—ਡੀਲ ਡੌਲ ਸ਼ੇਰ ਸੀ ਉਦਾਰਤਾ ਕੁਬੇਰ ਸੀ ਨਿਗ੍ਹਾ ੧ਛਟਾ ਦੇ ਫੇਰ ਸੀ ਸੁ ਸੈਨਾ ਘਨ ਮਾਲ ਸੀ। ਕਲਗੀ ਅਰਸ਼ ਸੀ ਕਮਾਨ ਸੁਰ ਰਾਜ ਜੈਸੀ ਬਿਜਲੀ ਸੀ ਤੇਗ ਦੇਖੀ ਬੁੱਧਿ ਹੈ ਮਰਾਲ ਸੀ। ਦਯਾ ਦਰਯਾਵ ਜੈਸੀ ਬਾਣੀ ਸਿੰਧੂ ਨਾਵ ਜੈਸੀ ਕੀਰਤੀ ਗੁਲਾਬ ਜੈਸੀ ਦਾਤ ਸੁਧਾ ਤਾਲ ਸੀ। ਸੂਰਜ ਸਮਾਨ ਤੇਰਾ ਤੇਜ ਦਸਮੇਸ਼ ਗੁਰੂ ਸ਼ਕਤੀ 'ਮਹਾਨ' ਦੇਖੀ ਕਾਲ ਮਹਾ ਕਾਲ ਸੀ ॥੧੫॥

ਤਿਲਕ—ਡੀਲ ਡਲ ਆਦੀ ਉਪਮੇਯਾਂ ਦੇ ਸ਼ੇਰ ਆਦੀ ਉਪਮਾਨ ਅਤੇ ਉਹਨਾਂ ਦਾ ਇਕੋ ਧਰਮ 'ਮਹਾਨ' ਹੋਣ ਕਰਕੇ ਅਨੇਕਾਂ ਦੀ ਅਨੇਕ ਅਤੇ ਅਭਿੰਨ ਧਰਮ ਤੇ ਮਾਲਾ ਉਪਮਾਂ ਹੈ।

---

੧ਬਿਜਲੀ।

Sri Satguru Jagjit Singh Ji eLibrary NamdhariElibrary@gmail.com

## ੩. ਰਸਨੋਪਮਾ ਲੰਕਾਰ ਲੱਛਣ

ਦੋਹਿਰਾ—

ਪ੍ਰਿਥਮ ਕਹੇ ਉਪਮਾਨ ਦਾ ਹੋਰ ਹੋਇ ਉਪਮਾਨ।
ਏਵੇਂ ਹੀ ਉਪਮੇਯ ਦੀ ਰਸਨੋਪਮਾ ਪਛਾਣ ॥੧੬॥

ਭਾਵ—ਜੋ ਪਹਿਲਾ ਉਪਮਾਨ ਹੋਵੇ ਉਸਨੂੰ ਉਪਮੇਯ ਕਰਕੇ ਉਸਦਾ ਹੋਰ ਉਪਮਾਨ ਥਾਪੀਏ, ਫੇਰ ਉਸਦਾ ਹੋਰ ਉਪਮਾਨ ਕਰੀਏ। ਅਤੇ ਏਸੇ ਤਰਾਂ ਜੋ ਉਪਮੇਯ ਹੋਵੇ ਉਹਦੇ ਹੋਰ ਉਪਮੇਯ ਅਤੇ ਅਗੇ ਉਹਦਾ ਹੋਰ ਉਪਮੇਯ ਥਾਪਕੇ ਉਪਮਾਂ ਦੀ ਰੱਸੀ ਬਣ ਜਾਏ ਉਹਨੂੰ 'ਰਸਨੋਪਮਾਂ' ਕਿਹਾ ਜਾਂਦਾ ਹੈ।

### ਉਪਮਾਨ ਦੀ ਬੰਨਗੀ

ਦੋਹਿਰਾ—

ਕ੍ਰੋਧ ਦਹੇ ਬਿਖ ਭਾਂਤ *ਸੋ ਜਿਉਂ ਨਾਰੀ ਰਾਗ।
ਪਰਤਿਯ ਰਾਗ ਸੁ ਨਾਗ ਲਖੁ, ਖਲ ਦਾਹਣ ਨਾਗ ॥੧੭॥

### ਉਪਮੇਯ ਦੀ ਰੱਸੀ ਦੀ ਬੰਨਗੀ

ਦੋਹਿਰਾ—

ਗੁਰਬਾਣੀ ਸੀ ਸੁਧਾ ਹੈ ਸੁਧਾ ਤੁੱਲ ਹੈ ਜਾਨ।
ਜਾਨ ਤੁੱਲ ਸੰਨਤਾਨ ਪ੍ਰਿਯ, ਧਨ ਸੰਤਾਨ ਸਮਾਨ ॥੧੮॥

## ੪. ਅਨਨਯ ਅਲੰਕਾਰ

ਦੋਹਿਰਾ—

ਕੇਹਿਰ ਜੋ ਉਪਮੇਯ ਹੋ ਸੋਈ ਹੋ ਉਪਮਾਨ।
ਸੋਇ ਅਨਨੑਯ ਜਾਨੀਏ ਕਹਿਣ ਸਕਲ ਵਿਦ੍ਵਾਨ ॥੧੯॥

---

*ਸੋ ਤੋਂ ਭਿਖ ਸਮਝਣੀ।

. Sri Satguru Jagjit Singh Ji eLibrary NamdhariElibrary@gmail.com .

ਬੰਨਗੀ

ਕਬਿਤ—ਮਰੇ ਪਏ ਜੀਅ ਦੇਕੇ ਸੁਰਜੀਤ ਕੀਤੇ ਹਟਕੇ ਕਲੇਸ਼ ਇਕ ਹਥ ਹੀ ਉਭਾਰਕੇ। ਮਾਰਕੇ ਮਲੇਛ ਸੋ ਅਨਾਥ ਸਭ ਹੋਵ ਲਿੱਤੇ ਧਨ ਮਾਲ ਪੁਤ੍ਰ ਆਦਿ ਸਰਬੰਸ ਵਾਰਕੇ। ਹੋਰ ਆਸ ਨਾਹਿ ਚਾਉ ਹਿੰਦ ਨੂੰ ਬਚਾਉਣ ਚਿੱਤ ਕ੍ਰਿਤਘਣ ਲੋਕ ਬੈਠੇ ਅੱਜ ਜੋ ਵਿਸਾਰਕੇ। ਭਾਰਤੋਪਕਾਰੀ ਬਲਕਾਰੀ ਦਸ਼ਮੇਸ਼ ਗੁਰੂ ਆਪ ਜੈਸੇ ਬਲੀ ਦੇਖੇ ਆਪ ਹੀ ਵਿਚਾਰਕੇ ॥੨੦॥

ਤਿਲਕ—ਆਪਹੀ ਉਪਮੇਯ ਅਤੇ ਉਪਮਾਨ ਸੋਅਨਨ੍ਵਯ।

## ਪ. ਉਪਮੇਯੋਪਮਾਲੰਕਾਰ ਲੱਛਣ

ਦੋਹਿਰਾ—

ਹੋਵਣ ਦੋਵੇਂ ਪਰਸਪਰ ਉਪਮਾ ਅਰ ਉਪਮੇਯ।
ਸੋ 'ਉਪਮਾ ਉਪਮੇਯ' ਇਹੁ ਅਲੰਕਾਰ ਲਖ ਲੇਯ ॥੨੧॥

ਤਿਲਕ—ਜੋ ਉਪਮਾਨ ਉਹੀ ਉਪਮੇਯ ਅਤੇ ਜੋ ਉਪਮੇਯ ਸੋਈ ਉਪਮਾਨ।

ਬੰਨਗੀ

ਦੋਹਿਰਾ—

ਚੰਦ ਸਰੀਖਾ ਮੁੱਖ ਹੈ, ਮੁਖ ਸਮ ਚੰਦ ਪ੍ਰਕਾਸ਼।
ਮਿੱਠੇ ਬਚਨ ਸੁਧਾ ਜਿਵੇਂ ਬਚਨ ਸੁ ਸੁਧ ਮਿਠਾਸ ॥੧੨॥

## ੬. ਪ੍ਰਤੀਪਾਲੰਕਾਰ ਲੱਛਣ

ਦੋਹਿਰਾ—

ਬਹੁਤ ਭਾਂਤ ਉਪਮਾਨ ਤੋਂ ਸਤ੧ ਕ੍ਰਿਤ ਹੋ ਉਪਮੇਯ।

---

੧ਸਤਕਾਰ ਪਾਵੇ।

Sri Satguru Jagjit Singh Ji eLibrary NamdhariElibrary@gmail.com

ਤ੍ਰਿਨ੧ ਪ੍ਰਕਾਰ ਪ੍ਰਤੀਪ ਸੌਂ ਅਲੰਕਾਰ ਲਖਲੇਜ ॥ ੨੩ ॥

ਤਿਲਕ—ਉਪਮਾਨ ਦਾ ਨਿਰਾਦਰ ਹੋਣਾ ਅਤੇ ਉਪਮੇਯ ਦਾ ਸਤਕਾਰ ਹੋਣਾ ।

## ਬੰਨਗੀ

ਦੋਹਿਰਾ—

ਆਪਣੀ ਸੁਧਾ ਮਿਠਾਸ ਦਾ ਮਤ ਕਰ ਗਰਬ ਪ੍ਰਕਾਸ ।
ਤੇਰੇ ਛਾਕਰ ਰੱਖਦਾ ਗੁਰ ਕਾ ਸ਼ਬਦ ਮਿਠਾਸ ॥ ੨੪ ॥

ਤਿਲਕ—ਇਹ ਕੇਵਲ ਉਪਮੇਯ ਤੋਂ ਉਪਮਾਨ ਦੇ ਗਰਬ ਬ੍ਰਹਾਰਨ ਦੀ ਬੰਨਗੀ ਹੈ ।

## ੭. 'ਦ੍ਰਿਸ਼ਟਾਂਤ' ਅਲੰਕਾਰ ਲੱਛਣ

ਦੋਹਿਰਾ—

ਉਪਮਾ ਅਰ ਉਪਮੇਯ ਦਾ ਬਿੰਬ ਸੁ ਪ੍ਰਤਿਬਿੰਬ ਭਾਵ ।
ਦ੍ਰਿਸ਼ਟਾਂਤਾਂ ਲੰਕਾਰ ਤਿਸ ਕਹਿਣ ਕਾਵ੍ਯ ਦਰਯਾਵ ॥ ੨੫ ॥

## ਬੰਨਗੀ ਮਾਣਕ ਸ੍ਵੈਯਾ

ਸੂਰਜ ਤੇਜ ਪਤੰਗ ਨ ਚਾਹੁਣ ਦੀਪਕ ਸੰਗ ਸੁਚਿਤ ਵਿਧਾਵਣ । ਚਾਤ੍ਰਕ੩ ਚੇਤਣ ਸ੍ਵਾਂਤ ਸਦਾ ਮਨ, ਲਾਖ ਵਹੇ ਸਰ ਨੇੜ ਨ ਜਾਵਣ । ਫੁੱਲ ਬਹੇਅਲਿ੪ ਛੱਡ ਬੜਾਂ੫

੧ਸਤਕਾਰ ਪਾਵੇ ੨ਸਾਹਿਤ੍ਯ ਗ੍ਰੰਥ ਵਿਚ ੫ ਤਰਾਂ ਦਾ ਪ੍ਰਤੀਪ ਲਿਖਿਆ ਹੈ ਮਗਰ ਇਹ ਗਲਤੀ ਹੈ ਇਸ ਦਾ ਵਿਸ਼ੇਸ਼ ਵਰਣਨ ਗੁਰੂ ਕਾਵ੍ਯ ਦਰਸ਼ਣ ਦੀ ਦੂਜੀ ਝਲਕ (ਅਲੰਕਾਰ ਦਰਸ਼ਨ) ਵਿਚ ਆਵੇਗਾ ।

੩ਪਪੀਹਾ ੪ਭੌਰਾ ੫ਬੋਹੜ ।

Sri Satguru Jagjit Singh Ji eLibrary NamdhariElibrary@gmail.com

ਪਰਨਾਹੁ ਸੁ ਨਾਰਿ ਨ ਡੀਠ ਲਗਾਵਨ। ਇਕ ਅਕਾਲ ਜਪੇ ਗੁਰ ਸਿੱਖ ਚਰਾਚਰ ਦੇਵ ਸੁ ਤੁੱਛ ਦੂਸਾਵਣ ॥ ੨੬ ॥

## ੮. ਪ੍ਰਤਿਵਸਤੁਪਮਾਲੰਕਾਰ ਲੱਛਣ !

ਦੋਹਿਰਾ—

੧ਸੰਗਯਾ ਸੰਗਯੀ ਵਾਕ ਵਿਚ ਇੱਕ ਧਰਮ ਜੋ ਕੋਇ।
ਸ਼ਬਦ ਭੇਦ ਕਰਿ ਕਥਨ ਹੋ, ਪ੍ਰਤਿ ਵਸਤੁਪਮਾ ਸੋਇ ॥੨੭॥

ਤਿਲਕ—ਉਮਮੇਯ ਤੇ ਉਪਮਾਨ ਵਾਕਾਂ ਵਿਚ ਇਕੋ ਅਰਥ ਵਾਲਾ ਧਰਮ ਅਡ ੨ ਸ਼ਬਦਾਂ ਕਰਕੇ ਆਖਿਆ ਜਾਵੇ।

## ਬੰਨਗੀ

ਦੋਹਿਰਾ—

ਜਗ ਵੰਡੀ ਇਹ ਨਾ ਬੁੜੇ ਸੱਚੇ ਕੀ ਸਚ ਰਾਸ।
ਘਟੇ ਅਗਾਧ ਅਨਾਜ ਨਾ ਕੀੜੀ ਕਰੇ ਗਰਾਸ ॥੨੮॥

ਤਿਲਕ—ਪਹਿਲੇ ਉਪਮੇਯ ਵਾਕਯ ਵਿਚ 'ਬੁੜੇ' ਅਤੇ ਦੂਜੇ ਉਪਮਾਨ ਵਾਕਯ ਵਿਚ 'ਘਟੇ' ਇਹਨਾਂ ਭਿੰਨ ੨ ਸ਼ਬਦਾਂ ਦੁਆਰਾ ਇਕੋ ਪਦਾਰਥ ਦੋ ਬਾਰ ਆਇਆ ਹੈ।

ਸੂ:—ਇਹ ਅਲੰਕਾਰ ਅਰਥਾਂਤਰ ਨਿਆਸ, ਦਿਰਸ਼ਟਾਂਤ ਅਤੇ ਦੀਪਕ ਤੋਂ ਭਿੰਨ ਹੈ, ਕਿਉਂਕਿ ਪ੍ਰਧਾਨਤਾ ਪ੍ਰਤਿਵਸਤੋਪਮਾ ਪ੍ਰਣੇ ਦੀ।

---

੧ਉਪਮੇਯ ਉਪਮਾਨ।

Sri Satguru Jagjit Singh Ji eLibrary NamdhariElibrary@gmail.com

## ੯. ਸਿਮ੍ਰਨ ਅਲੰਕਾਰ ਲੱਛਣ !

ਦੋਹਿਰਾ—

ਦੋ ਵਸਤੂ ਇਕ ਸਾਰਖੀ, ਵਿਚੋਂ ਇੱਕ ਪਛਾਣ।
ਯਾਦ ਆਇ ਜਦ ਦੂਸਰੀ 'ਸਿਮਰਨ' ਭੂਸ਼ਣ ਜਾਣ ॥੨੯॥

### ਬੰਨਗੀ

ਦੋਹਿਰਾ—

ਪ੍ਰੇਮ ਪੁੰਨ ਅਤਿ ਸ਼ਾਂਤ ਨਿਧਿ ਦੂਖ ਭੰਜਨ ਸੁਖ ਰਾਸ।
ਕੇਹਰਿ ਗੁਰ ਉਪਦੇਸ਼ ਸੁਣ ਸਿਮਰਾਂ ਸੁਧਾ ਮਿਠਾਸ ॥੩੦॥

## ੧੦. ਭ੍ਰਾਂਤ ਅਲੰਕਾਰ ਲੱਛਣ !

ਦੋਹਿਰਾ—

ਕੇਹਰਿ ਜਦ ਉਪਮੇਯ ਦਾ ਹੋ ਉਪਮਾਨ ਪ੍ਰਤੀਤ।
'ਭ੍ਰਾਂਤਿਮਾਨ' ਭੂਸ਼ਣ ਤਦੋਂ ਆਖਣ ਕਵੀ ਸੁ ਰੀਤ ॥੩੧॥

### ਬੰਨਗੀ

ਕਬਿਤ—ਫੂਲ ਹੀ ਸਮਝ ਲੈਣ ਭੌਰ ਓਥੇ ਗੂੰਜਦੇ ਨਿ ਮੱਥਾ ਜਾਣ ਚੰਦ ਸੁ ਚਕੋਰ ਮਤਵਾਰੇ ਹੈਂ। ਕਾਮ ਦਾ ਸਰੂਪ ਜਾਣ ਨਾਯਕਾ ਕਲੋਲ ਕਰੇਂ ਮੋਤੀ ਹੀ ਪਛਾਣ ਦੰਦ ਹੰਸਬ੍ਰਤ ਧਾਰੇ ਹੈਂ। ੧ਧਨੁ ਧਾਰੀ ਰਾਮ ਲਖ ਬਾਮ੍ਹਣ ਕਰਨ ਪੂਜਾ ਮੁਖ ਤੋਂ ਸਮਝ ਸ਼ੇਰ ਹਾਥੀ ੨ਕਿਲਕਾਰੇ ਹੈਂ। ਛੇਵੇਂ ਪਾਤਸ਼ਾਹ ਅਦਭੁਤ ਕਵਿ ਕੇਹਰਿ ਸੁ ਜਾਣਦਾ ਨ ਠੀਕ ਕੋਈ ਕੈਸੇ ਮੇਰੇ ਪਯਾਰੇ ਹੈਂ ॥ ੩੨ ॥

---

੧ਧਨੁਖ। ੨ਚੀਕਾਂ ਮਾਰਦੇ ਹਨ।

. Sri Satguru Jagjit Singh Ji eLibrary NamdhariElibrary@gmail.com .

## ੧੧. ਸੰਦੇਹ ਅਲੰਕਾਰ ਲੱਛਣ !

ਦੋਹਿਰਾ—

ਉਪਮਾ ਅਰ ਅਪਮੇਯ 'ਚੋਂ ਕੇਹਿਰ ਜਦ ਇਕ ਦੇਖ।
ਦੂਜੇ ਦਾ ਸੰਸਾ ਉਠੇ ਸੋ ਸੰਦੇਹਾ੧ ਲੇਖ ॥ ੩੩ ॥

ਬੰਨਗੀ

ਕਬਿੱਤ—ਬਿਖ ਦੀ ਹੈ ਬੇਲ ਪਰ ਚੇਤਨ ਸਰੂਪ ਦਿਸੇ, ਨਾਗਣੀ ਕਹੀ ਨ ਬਣੇ ਹੱਥ ਪੈਰ ਧਾਰੀ ਹੈ। ਚਿੱਤ ਦੇ ਚਰਾਉਨ ਕਰਿ ਚੋਰਨੀ ਪ੍ਰਤੀਤ ਦੇਵੇ ਹੱਥ ਨ ਲਗਾਵੇ ਤਾਂਤੇ ਸੋ ਭੀ ਨਾਂ ਨਿਹਾਰੀ ਹੈ। ਦੋਜ਼ਕ ਦੇ੨ਬੁਲਾਰੀ ਯਮਲੋਕ ਤੇ ਪਧਾਰੀ ਕਿਤੇ, ਹੋਰਨਾਂ ਸਰੀਖੀ, ਸੋ ਭੀ ਜਾਂਦੀ ਨਾਂ ਵਿਚਾਰੀ ਹੈ। ਬੜਾ ਹੀ ਅਚੰਭਾ ਜਗ ਦੇਖੀਏ ਕੇਹਰਿ ਕਵਿ ਜਾਣੀਏ ਨਾ ਕੌਣ ਚੀਜ਼ ਨਾਰੀ ਬਿਭਚਾਰੀ ਹੈ ॥ ੩੪ ॥

ਤਿਲਕ—ਇਸ ਵਿਚ ਵਿਚਾਲੇ ਨਿਸਚਯ ਭੀ ਹੁੰਦਾ ਰਿਹਾ, ਮਗਰ ਅੰਤ ਨੂੰ ਸੰਦੇਸ਼ ਹੀ ਰਹਿੰਦਾ ਰਿਹਾ, ਇਸ ਲਈ ਸੁੱਧ ਨਿਸਚਯ ਭੇਦ ਦੀ ਬੰਨਗੀ।

## ੧੨. ਅਨਯੋਨਯ ਅਲੰਕਾਰ ਲੱਛਣ।

ਦੋਹਿਰਾ—

ਸੋਹਣੇ ਦੋ ਵਥ ਪਰਸਪਰ ਅਥਵਾ ਹੋ ੩ਅਨੁਰਾਗ।
ਕਾਰਣਤਾ ਯਾ ਪਰਸਪਰ ਸੋ ਅਨਯੋਨਯ੪ ਵਿਭਾਗ ॥੩੫॥

---

੧ਜਾਣੋ। ੨ਬੁਲਾਉਣ ਵਾਲੀ। ੩ਪ੍ਰੀਤੀ। ੪ਕਿਸੇ ਅੰਗ ਤੋਂ ਹੀਨ, ਨਿਰਾਵਯਵ ਅਤੇ ਉਪਮੇਯ ਆਦੀ ਸਭਅੰਗ ਵਾਲਾ ਸਰਬੰਗ।

## ਬੰਨਗੀ

ਦੋਹਿਰਾ—

ਸਤਿਗੁਰਿ ਤੇ ਗੁਰਸਿੱਖ ਦੀ ਦੇਖੀ ਪ੍ਰੀਤ ਮਹਾਨ।
ਕੇਹਿਰ ਰੱਖਣ ਨਿੱਤ ਹੀ ਕਿਰਪਾ, ਚਰਨ ਧਿਆਨ ॥ ੩੬ ॥

ਤਿਲਕ—ਸਤਿਗੁਰਾਂ ਦਾ ਕ੍ਰਿਪਾ ਰਖਣਾ ਅਤੇ ਸਿਖਾਂ ਦਾ ਚਰਨਾਂ ਵਿਚ ਧਿਆਨ ਰਖਣਾ। ਇਸ ਲਈ ਪਰਸਪਰ ਅਨੁਰਾਗ।'

## ੧੩. ਰੂਪਕਾਲੰਕਾਰ' ਲੱਛਣ

ਦੋਹਿਰਾ—

ਉਪਮਾ ਦਾ ਉਪਮੇਯ ਜਦ ਧਾਰੇ ਕਲਪਤ ਸ੍ਵਾਂਗ।
ਬਿਨਾਂ ਨਿਖੇਧ ਸੁ ਰੂਪਕਾ੧ ਨਿਰਾਵਯਵ ਸਰਬਾਂਗ ॥੩੭॥

ਤਿਲਕ—'ਨਿਖੇਧ ਸਹਿਤ' ਆਰੋਪ ਅਪਨਹੂਤੀ ਅਲੰਕਾਰ ਵਿਚ ਹੁੰਦਾ ਹੈ, ਇਸ ਲਈ ਨਿਖੇਧ ਤੋਂ ਰਹਿਤ ਕਿਹਾ।

ਸੂ:—ਇਹ 'ਅਭੇਦ ਰੂਪਕ' ਅਤੇ 'ਤਦਰੂਪ ਰੂਪਕ' ਭੇਦ ਤੇ ਦੋ ਤਰਾਂ ਦਾ ਹੋਕੇ ਫੇਰ, ਸਮੋਕਿਤ ਨਯੂਨੋਕਤਿ ਅਤੇ ਅਧਿਕੋਕਤਿ ਕਰਕੇ ੬ ਤਰਾਂ ਦਾ ਹੈ। ਇਨ੍ਹਾਂ ਤੋਂ ਭਿੰਨ ੭ ਵਾਂ ਪਰੰਪਰਤ 'ਰੂਪਕ ਹੈ'।

## ਬੰਨਗੀ, ਅਧਿਕੋਕਤਿ ਅਭੇਦ ਰੂਪਕ

ਇੰਦ੍ਰਵ ਛੰਦ—ਲੋਕ ਵਿਖੇ ਕਰਿ ਗਿਆਨ ਪ੍ਰਕਾਸ਼ ਅਗਜਾਨ ਅੰਧੇਰ ਸੁ ਨਾਸ ਕਰਾ ਹੈ। ਸਿੱਖ ਕੁਮਦੋਨ ਦਾ

---

੧ਭਾਂਡਾ।

ਚਿਤਰ ਪਾਤਰ ਵਾਕ ਸੁਧਾ ਰਸ ਨਾਲ ਭਰਾ ਹੈ। ਪੋਖ ਜੁ ਚੋਰ ਨਿਰਾਸ ਕਰੇ ਅਨਮੱਤ ੧ਨਿਖੱਤਰ ਤੇਜ ਹਰਾ ਹੈ। ਹੀਨ ਕਲੰਕ ਰਹੇ ਸਦ ਹੀ ਗੁਰ ਨਾਨਕ 'ਚੰਦੂ ਉਤਾਰ ਧਰਾ ਹੈ ॥੩੮॥

ਤਿਲਕ—ਗੁਰੂ ਸਾਹਿਬ ਨੂੰ ਚੰਦੇ ਰੂਪਕ ਬਣਕੇ 'ਕਲੰਕ ਤੋਂ ਰਹਿਤ' ਦੱਸਣਾ ਅਧਿਕੋਕਿਤ ਹੈ।

## ਤਦਰੂਪ, ਰੂਪਕ ਬੰਨਗੀ

ਦੋਹਿਰਾ—

ਜੋ ਸੁਤ ਮੰਗੇ ਹੋਇ ਸੋ ਹਰਦਮ ਰਖਦੀ ਸੂੱਛ।
ਮਾਤਾ ਦੂਜਾ ਕਲਪਤਰ ਚੇਤਨ ਅਤੇ ਪ੍ਰਤੱਛ ॥੩੯॥

ਤਿਲਕ—ਚੇਤਨ ਅਤੇ 'ਪ੍ਰਤਜਛ' ਕਹਿਕੇ ਕਲਪ ਬ੍ਰਿਛ ਨਾਲੋਂ ਅਧਿਕ ਕਿਹਾ।

## ਪਰੰਪਰਤ ਰੂਪਕ' ਲੱਛਣ

ਗਦਜ—ਜਿਥੇ ਇਕ ਦੇ ਰੂਪਕ ਦਾ ਕਾਰਣ ਦੂਜੇ ਦਾ ਰੂਪਕ ਹੋਵੇ ਉਹ ਪਰੰਪਰਤ ਰੂਪਕ ਹੈ।

ਦੋਹਿਰਾ—

ਸਭੇ ਕੁਟਲਤਾ ਛੱਡਕੇ ਨਾਮ ਗੁਰੂ ਚਿਤ ਆਣ।
ਬਿਪਤ ਘਾਸ ਦੇ ਦਹਿਣਨੂੰ ਅਗਨਿ ਰਾਸ ਪਹਿਚਾਣ ॥੪੦॥

ਤਿਲਕ-ਬਿਪਤਾ ਨੂੰ ਘਾਹ ਬਣਾਇਆ ਤਾਂ ਨਾਮ ਨੂੰ ਅਗਨਿਰਾਸ ਬਣਾਇਆ।

---

੧ਤਾਰੇ।

Sri Satguru Jagjit Singh Ji eLibrary NamdhariElibrary@gmail.com

## ੧੪. ਪ੍ਰਣਾਮ ਅਲੰਕਾਰ ਲੱਛਣ

ਦੋਹਿਰਾ—

ਕਿਸੇ ਕ੍ਰਿਆ ਦੇ ਕਰਨ ਨੂੰ ਹੋ ਅਸਕਤ ਉਪਮਾਨ ।
੧ਬਰਨੀ ਨਾਲ ਅਭੇਦ ਹੋ, ਕਰੇ 'ਪ੍ਰਣਾਮ' ਪਛਾਣ ॥੪੧॥

ਬੰਨਗੀ—

ਦੋਹਿਰਾ—

ਨੈਣ ਕਮਲ ਤੋਂ ਦੇਖਕੇ ਮੁੱਖ ਕਮਲ ਤੇ ਬੋਲ ।
ਹਿਰਦੇ ਸਿੰਧ ਪ੍ਰਸੰਨ ਹੋ ਸਿਖਿਆ ਦੇਣ ਅਮੋਲ ॥੪੨॥

ਤਿਲਕ—ਅਸਲ ਵਿਚ ਨੈਣ ਆਦਿ ਉਪਮੇਯ ਅਤੇ ਕਮਲ ਆਦਿ ਉਪਮਾਨ ਸਨ ਮਗਰ ਉਪਮੇਯ ਦੀ ਸਹਾਇਤਾ ਨਾਲ ਉਸ ਦੇ ਨਾਲ ਅਭੇਦ ਹੋਕੇ ਕੰਮ ਕਰਨ ਲਗੇ ਹਨ ।

## ੧੫. ਉਲੇਖਾਲੰਕਾਰ ਲੱਛਣ

ਦੋਹਿਰਾ—

ਅਨਿਕ ਭਾਂਤ ਤੇ ਵਸਤੂ ਇਕ ਕਲਪਣ ਪੁਰਖ ਅਨੇਕ ।
ਉਲੇਖਾਲੰਕਾਰ ਸੋ ਆਖਣ ਜਿਨ੍ਹਾਂ ਬਿਬੇਕ ॥੪੩॥

ਬੰਨਗੀ

ਦੋਹਿਰਾ—

ਸਿੱਖ ਸਕਲ ਸਤਿਗੁਰਿ ਕਹਿਣ, ਮਾਤਾ ਗੁਜਰੀ ਲਾਲ ।
ਕਹਿਣ ਅਨਾਥ ਸੁ ਪ੍ਰਾਣਪਤਿ ਮੁਗਲ ਕਹਿਣ ਗੁਰਕਾਲ ॥੪੪॥

---

੧ਉਪਮੇਯ ।

Sri Satguru Jagjit Singh Ji eLibrary NamdhariElibrary@gmail.com

## ੧੬. ਅਤਸ਼ਯੋਕਤੀ ਅਲੰਕਾਰ ਲੱਛਣ

ਦੋਹਿਰਾ—

ਹਦੋਂ ਵੱਧ ਸਰਾਹੀਏ 'ਅਤਿਸੈਉਕਤ' ਪਛਾਣ।
ਪੰਜ ਭੇਦ ਹਨ ਏਸ ਦੇ ਸਭਨਾਂ ਤੋਂ ਪਰਧਾਨ।੪੫॥

ਤਿਲਕ–ਇਹ ਅਲੰਕਾਰ ੫ ਤਰਾਂ ਦਾ ਹੈ, ਜੈਸੇ ਸੰਬੰਧ–ਅਤਸਯੋਕਤਿ, ਚਪਲਾਤਸ਼ਯੋਕਤਿ, ਅਕ੍ਰਮਕਾ ਤਸ਼ਯੋਕਤਿ, ਭੇਦਕਾਤਸ਼ਯੋਕਤਿ ਅਤੇ ਰੂਪਕਾਤਸ਼ਯੋਕਤਿ। ਇਹ ਸਭਨਾਂ ਨਾਲੋਂ ਪ੍ਰਧਾਨ ਹੈ। ਕਿਉਂਕਿ ਅਤਸ਼ਯੋਕਤਿ ਬਿਨਾਂ ਕਾਵ੍ਯ ਦੀ ਸੋਭਾ ਹੀ ਨਹੀਂ ਬਣਦੀ। ਕਈਆਂ ਅਣਜਾਣ ਲੇਖਕਾਂ ਨੇ ਇਹਨੂੰ ਮੁਬਾਲਗਾ ਕਹਿਕੇ ਬਹੁਤ ਨਿੰਦਿਆ ਹੈ। ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਇਸ (ਮੁਬਾਲਗੇ) ਦਾ ਤਾਤਪ੍ਰਯ ਬਿਲਕੁਲ ਠੀਕ ਹੁੰਦਾ ਹੈ, ਕੇਵਲ ਪੋਸ਼ਾਕ ਹੀ ਬਹੁਤਾਨ ਹੀ ਹੁੰਦੀ ਹੈ। ਨਾਲੇ ਕਾਵ੍ਯ (ਰੂਪਕ ਭਾਸ਼ਾ) ਵਿਚ ਇਹ ਗੁਣ ਹੈ। ਸਿੱਧੇ ਕਥਨ ਅਥਵਾ ਦਰਸ਼ਨ ਵਿਦਿਆ ਵਿਚ ਹੀ ਝੂਠ ਸਮਝਿਆ ਜਾਂਦਾ ਹੈ।

### ਬੰਨਗੀ

ਦੋਹਿਰਾ—

ਆਪ ਨਿਕਟ ਤਾਰੇ ਬਸਣ ਤੁਧ ਮੈਂ ਸੁਧਾ ਮਿਠਾਸ।
ਤੁਹੀਂ ਚੰਦ੍ਰਮਾ ਇੱਕ ਹੈਂ ਹੋਰ ਨ ਵਿੱਚ ਅਕਾਸ਼॥੪੬॥

ਤਿਲਕ–ਹੇ ਗੁਰੂ ਜੀ! ਆਪ ਦੇ ਹਜ਼ੂਰ ਭਗਤ ਰੂਪੀ ਤਾਰੇ ਅਤੇ ਮੁਖਾਰਬਿੰਦ ਵਿਖੇ ਉਪਦੇਸ਼ ਰੂਪੀ ਅੰਮ੍ਰਿਤ ਹੈ। ਇਸ ਵਿਚ ਭਗਤ ਆਦੀ ਉਪਮੇਯਾਂ ਦਾ ਲੋਪ ਹੈ ਅਤੇ ਅਸਲ ਤਾਰੇ ਆਦੀ ਦਾ ਨਿਖੇਧ ਹੋਣ ਕਰਕੇ ਅਪਨ੍ਹੁਤਿ-ਅਤਿਸ਼ਯੋਕਤਿ।

Sri Satguru Jagjit Singh Ji eLibrary NamdhariElibrary@gmail.com

## ਫੇਰ ਬੰਨਗੀ

ਦੋਹਿਰਾ—

'ਕੇਹਰਿ' ਗੁਰਿ ਦੇ ਤੇਜ ਨੂੰ ਆਖਾਂ ਮੈਂ ਕਿਸ ਤੌਰ ।
੧ਭੋਰ ਹੋਰ ਦੁਪਹਰ ਕਛੂ ਹੋਇ ਸੰਝ ਕਿਛੁ ਔਰ ॥੪੭॥

ਤਿਲਕ—'ਤੇਜ' ਉਪਮੇਯ ਦੇ ਆਪਣੇ ਵਿਚ ਅਭਿੰਨ ਸਰੂਪ ਨੂੰ ਚੜ੍ਹ ਬੜ੍ਹ ਕੇ ਕਿਹਾ, ਇਸ ਲਈ ਭੇਦਕ ਅਤਿਸ਼-ਯੋਕਤਿ । ਇਹਦੇ ਹੋਰ ਭੇਦ ਜਾਣ ਕੇ ਛੱਡ ਦਿਤੇ ਗਏ ਹਨ ।

## ੧੭. 'ਅਤਯੁਕਤੀ ਅਲੰਕਾਰ' ਲੱਛਣ !

ਦੋਹਿਰਾ—

ਹੋਰ ਯੋਗਯ ਕਰਿ ਯੋਗਯ ਨੂੰ ਆਖਣ ਜਦ ਕਵਿ ਧੀਰ ।
'ਕੇਹਰਿ' ਸੋ ਅਤਯੁਕਤਿ ਹੈਂ ਅਲੰਕਾਰ ਸੁਣ ਬੀਰ ॥੪੮॥

## ਬੰਨਗੀ

ਦੋਹਿਰਾ—

ਪਿਤਾ ਹੁਕਮ ਤੇ ਰਾਜ ਦੀ ਰਾਮ ਕਰੀ ਨਾਂ ਚਾਹਿ ।
ਰਾਜਕੁਮਾਰਾਂ ਬੀਰਪਣ ਸਜੇ ਹੋਰ ਨੂੰ ਨਾਹਿ ॥੪੯॥

ਤਿਲਕ—ਬੀਰਪਣ ਰਾਜਕੁਮਾਰਾਂ ਦੇ ਯੋਗਯ ਪਹਿਲਾਂ ਭੀ ਸੀ, ਮਗਰ 'ਸਜੇ ਹੋਰ ਨੂੰ ਨਾਂਹਿ' ਕਹਿ ਕੇ ਹੋਰ ਭੀ ਯੋਗਯ ਬਣਾਇਆ ।

ਇਹਨੂੰ ਕਈ ਅਤਸ਼ਯੋਕਤਿ ਦੇ ਵਿਚ ਹੀ ਮੰਨਦੇ ਹਨ,

---

੧ਸਵੇਰ ।

. Sri Satguru Jagjit Singh Ji eLibrary NamdhariElibrary@gmail.com .

ਮਗਰ ਅੱਡ ਹੈ। ਕਿਉਂਕਿ ਉਸ ਵਿਚ ਤਾਂ ਉਪਮਾਨ 'ਉਪਮੇਯਾਂ' ਨੂੰ ਨਿਗਲ ਜਾਂਦਾ ਹੈ, ਏਸ ਵਿਚ ਨਹੀਂ।

## ੧੯. 'ਅਪਨਹੁਤਿ ਅਲੰਕਾਰ' ਲੱਛਣ !

ਦੋਹਿਰਾ—

ਕਰਿ ਨਿਖੇਧ ਉਪਮੇਯ ਦਾ ਥਾਪੇ ਜਦ ਉਪਮਾਨ।
ਅਥਵਾ ਉਪਮਾਂ ਪ੍ਰਗਟੇ ਲੁਕੀ ਸੋਇ ਅਪਨ੍ਹੁਤਿ ਪਛਾਨ ॥੫੦॥

ਤਿਲਕ—ਉਪਮੇਯ ਨੂੰ ਨਿਖੇਧ ਦ੍ਵਾਰਾ ਉਪਮਾਨ ਬਣਾਉਣਾ ਅਥਵਾ ਉਪਮੇਯ ਅੰਦਰੋਂ ਉਪਮਾਨ ਦਾ ਛਪਾਉ ਪ੍ਰਗਟ ਹੋਣਾ।

### ਬੰਨਗੀ

ਦੋਹਿਰਾ—

ਖੜਗ ਨਹੀਂ ਬਿਖ ਬੇਲ ਇਹੁ ਸ੍ਰੀ ਦਸਮੇਸ਼ ਕ੍ਰਿਪਾਨ।
ਪਾਪੀ ਡਿੱਗਣ ਪਰਸ ਦੇ ਉਠਣ ਨ ਧਰਿ ਔਸਾਨ ॥੫੧॥

ਤਿਲਕ—ਡਿਗਣ ਰੂਪ ਹੇਤੂ ਹੋਣ ਕਰਕੇ ਹੇਤ੍ਵਪਨਹੁਤਿ ਹੈ।

### ਹੋਰ ਬੰਨਗੀ

ਦੋਹਿਰਾ—

ਚੰਦ ਸੁਧਾਧਰ ਹੈ ਨਹੀਂ ਸੁਧਾਧਰ ਸੁ ਗੁਰਿਮੰਤ।
ਅਤਿ ਦੁਖਿਆਰੇ ਸੱਪ ਨਾ ਐਪਰ ਨਿਗੁਰੇ ਜੰਤ ॥੫੨॥

ਤਿਲਕ—ਉਪਮਾਨ ਦੇ ਧਰਮ ਦਾ ਨਿਖੇਧ ਹੋਣ ਕਰਕੇ ਪ੍ਰਯਸਤਾਪਨਹੁਤਿ।

. Sri Satguru Jagjit Singh Ji eLibrary NamdhariElibrary@gmail.com .

## ੧੯. ਉਤਪ੍ਰੇਖਯਾਲੰਕਾਰ ਲੱਛਣ

ਦੋਹਿਰਾ—

ਬਰਨੀ ਦਾ ਉਪਮਾਨ ਵਿਚ ਭੇਦ ਸਹਿਤ ਠਹਿਰਾਉ।
ਵਸਤੁ, ਹੇਤੁ, ਫਲ ਭੇਦ ਤੇ ਉਤਪ੍ਰੇਖਯਾ ਹੈ ਭਾਉ ॥੫੩॥

ਤਿਲਕ-ਵਸਤੂਉਤਪ੍ਰੇਖਿਆ, ਹੇਤੂ ਉਤਪ੍ਰੇਖਿਆ ਅਤੇ ਫਲ ਉਤਪ੍ਰੇਖਿਆ।

ਸੂ:-ਮਾਨੋ ਜਾਨੋ, ਜਨੁ, ਮਨੁ, ਅਤੇ ਜਾਣੀ ਦੀ ਆਦੀ ਸ਼ਬਦਾਂ ਦੁਆਰਾ ਜਾਣਿਆ ਜਾਂਦਾ ਹੈ।

### ਬੰਨਗੀ

ਦੋਹਿਰਾ—

ਚੜ੍ਹੇ ਸਿੰਘ ਜਦ ਖੜਗ ਲੈ ਮੁਗਲ ਸੈਨ ਤੇ ਜਾਇ।
ਜਾਣੀ ਬਿੱਜ ਅਕਾਸ਼ ਤੋਂ ਪਈ ਬ੍ਰਿਛਨ ਤੇ ਆਇ ॥੫੪॥

ਤਿਲਕ—ਖੜਗ ਵਿਚ ਬਿੱਜ ਥਾਪੀ ਸੋ ਵਸਤੂਤਪ੍ਰੇਖਯਾ

### ਬੰਨਗੀ ਹੇਤੂਤਪ੍ਰੇਖਯਾ ਦੀ

ਦੋਹਿਰਾ—

'ਸੂਰਗ ਸੁਧਾ' ਅਣਡਿੱਠ ਲਖ ਘਟ ਵਧ ਚੰਦ ਵਿਚਾਰ।
ਸਤਿਗੁਰ ਜਗ ਨੂੰ ਵੰਡਦੇ ਨਿਤ ਅੰਮ੍ਰਿਤ ਭੰਡਾਰ ॥੫੫॥

ਤਿਲਕ—ਅੰਮ੍ਰਿਤ ਵੰਡਣ ਦਾ ਕਾਰਣ ਸੁਧਾ ਦਾ ਅਣਡਿੱਠ ਹੋਣਾ ਨਹੀਂ ਹੈ। ਮਗਰ ਉਹੋ ਕਲਪਣ ਕਰਕੇ ਹੇਤੂਤ ਪ੍ਰੇਖਿਆ।

. Sri Satguru Jagjit Singh Ji eLibrary NamdhariElibrary@gmail.com .

## ਫਲੋਤ ਪ੍ਰੇਖਿਆ ਬੰਨਗੀ

ਦੋਹਿਰਾ—

ਜਗ ਤਾਰਨ ਗੁਰਿ ਗ੍ਰੰਥ ਨੂੰ ਪਰਗਟ ਕਰਾ ਮਹਾਰਾਜ ।
ਜਾਣ ਨਿਰਾਦਰ ਸਿੰਧ ਵਿਚ ਡੁਬਣ ਮਨੋਂ ਜਹਾਜ਼ ॥੫੫॥

ਤਿਲਕ—ਜਗਤ ਤਾਰਨ ਦਾ ਫਲ ਜਹਾਜ਼ ਡੁਬਣਾ ਨਹੀਂ ਅਰ ਕਲਪਣਾ ਕਰਨ ਕਰਕੇ ਫਲੋਤਪ੍ਰੇਖਯਾ ਹੈ ।

## ਵਯਤਿਰੇਕਾਲੰਕਾਰ ਲੱਛਣ

ਦੋਹਿਰਾ—

ਵੱਧ ਕਰਨ ਉਪਮੇਯ ਨੂੰ ਘੱਟ ਕਰਨ ਉਪਮਾਨ ।
ਅਲੰਕਾਰ ਵਯਤਿਰੇਕ ਸੋ ਕਵਿ ਜਨ ਕਰਨ ਬਖਾਨ ॥੫੭॥

ਤਿਲਕ—ਇਹ ਚਾਰ ਤਰਾਂ ਦਾ ਹੁੰਦਾ ਹੈ ਜੈਸੇ (੧) ਉਪਮਾਨ ਦੇ ਘਾਟੇ ਦਾ ਕਾਰਣ ਅਤੇ ਉਪਮੇਯ ਦੇ ਵਾਧੇ ਦਾ ਕਾਰਣ ਦੱਸਣਾ (੨) ਦੋਹਾਂ ਦੇ ਕਾਰਣ ਨ ਦਸਣੇ, (੩) ਕੇਵਲ ਉਪਮੇਯ ਦਾ ਵਾਧਾ ਹੀ ਦਸਣਾ, ਉਪਮਾਨ ਦਾ ਘਾਟਾ ਹੀ ਦਸਣਾ ।

## ਬੰਨਗੀ ੧. ਭੇਦ ਦੀ

ਦੋਹਿਰਾ—

ਸ੍ਰੀ ਗੁਰਿ ਯਸ ਸੀਤਲ ਸਦਾ ਜਗਤ ਜਗੇ ਇਕ ਭਾਇ ।
ਸੂਰਜ ਵਾਕਰ ਹੋਇ ਕਿਉਂ ਤਪੇ ਸਾਂਝ ਛਿਪ ਜਾਇ ॥੫੮॥

ਤਿਲਕ—ਸ੍ਰੀ ਗੁਰੂ ਯਸ ਸੀਤਲ ਅਤੇ ਇਕ ਸਾਰ ਪ੍ਰਕਾਸ਼ਵਾਨ ਮਗਰ ਸੂਰਜ ਤਪਤ ਵਾਲਾ ਅਤੇ ਸੰਝ ਨੂੰ ਛਿਪ ਜਾਣ ਵਾਲਾ ।

Sri Satguru Jagjit Singh Ji eLibrary NamdhariElibrary@gmail.com

## ਬੰਨਗੀ ੩. ਭੇਦ ਦੀ

ਦੋਹਿਰਾ—

ਸਿਖ ਰਸਨਾ ਤੇ ਬਸ ਰਹੇ ਸਭ ਦੀ ਕਰੇ ਕਲਯਾਨ ।
ਪਾਰਸ ਜਿਉਂ ਗੁਰਿਮੰਤ੍ਰ ਜੋ ਕਹਿਣ ਕਵੀ ਅਣਜਾਣ ॥੫੯॥

ਤਿਲਕ—ਕੇਵਲ ਉਪਮੇਯ (ਗੁਰਿਮੰਤ੍ਰ) ਨੂੰ ਸਭ ਦਾ ਕਲਿਆਣ ਕਾਰੀ ਆਦੀ ਕਹਿਕੇ ਪਾਰਸ (ਉਪਮਾਨ) ਨਾਲੋਂ ਵੱਧ ਕਿਹਾ ।

# ਦੂਜਾ ਤਰੰਗ

## ੧. ਅਰਥਾਂਤਰਨਿਆਸਾਲੰਕਾਰ ਲੱਛਣ

ਦੋਹਿਰਾ—

ਜਹ ਸਾਮਾਨਯ ਵਿਸ਼ੇਸ਼ਯ ਤੇ੧ ਸੰਮਤ ਹੋਇ ਪ੍ਰਕਾਸ਼ ।
ਕਹੇ ਵਿਸ਼ੇਸ਼ ਸਮਾਨਜ ਤੇ ਅਰਥਾਂਤਰ ਨਜਾਸ ॥੬੦॥

## ਬੰਨਗੀ, ਸਾਮਾਨਜ ਦੀ ਦ੍ਰਿੜ੍ਹਤਾ ਵਿਸ਼ੇਸ਼ ਦ੍ਵਾਰਾ

ਦੋਹਿਰਾ—

ਮੰਦਾ ਚੰਗਾ ਆਪਣਾ ਕੀਤਾ ਪਾਵੇ ਜੀਅ ।
ਅੰਬ ਪਾਲਿ ਲੈ ਅੰਬੀਆਂ ਅੱਕ ਬੀਜਿ ਬਿਖ ਪੀਅ ॥੬੧॥

ਤਿਲਕ—"ਕਰਮਾਂ ਦੇ ਫਲ ਪੌਣ ਰੂਪੀ" ਸਾਮਾਨਜ ਵਾਕਯ ਨੂੰ ਅੰਬ ਪਾਲਣ ਆਦੀ ਵਿਸ਼ੇਸ਼ ਵਾਕਾਂ ਦ੍ਵਾਰਾ ਪੱਕਾ ਕੀਤਾ ਹੈ ।

---

੧ਸੰਮਤੀ ਰੱਖਣ ਵਾਲਾ, ਦ੍ਰਿੜ੍ਹ ਕਰਨ ਵਾਲਾ ।

. Sri Satguru Jagjit Singh Ji eLibrary NamdhariElibrary@gmail.com .

## ਬੰਨਗੀ, ਸਾਮਾਨਜ ਦ੍ਵਾਰਾ ਵਿਸ਼ੇਸ਼ ਦੀ ਪ੍ਰਕਿਆਈ

ਦੋਹਿਰਾ—

ਔਰੰਗਜ਼ੇਬ ਜੁ ਮਾਰਿਆ ਧਰਮ ਫਲਾਯਾ ਦੇਸ਼।
ਮਹਾਂ ਪੁਰਖ ਦੇ ਯੋਗਜ ਜੋ ਕੀਤਾ ਸੋ ਦਸਮੇਸ਼ ॥੬੨॥

ਤਿਲਕ—'ਔਰੰਗਜ਼ੇਬ ਨੇ ਮਾਰਨ' ਰੂਪ ਵਿਸ਼ੇਸ਼ ਨੂੰ 'ਮਹਾਂ ਪੁਰਸ਼ਾਂ ਦੀ ਯੋਗਜਤਾ ਰੂਪ' ਸਾਮਾਨਜ ਤਾਤਪ੍ਰਯ ਨਾਲ ਪੁਸ਼ਟ ਕੀਤਾ।

## ੨. 'ਨਿਦਰਸ਼ਨਾਲੰਕਾਰ' ਲੱਛਣ !

ਦੋਹਿਰਾ—

ਬਣ ਅਣਬਣ ਵਾਕਜਰਥ ਅਰੁ ਕ੍ਰਿਆ ਪਦਾਰਥ ਆਨ।
ਕਹੇਂ ਬਰਾਬਰ ਤੋਲ ਕੇ ਸੋਇ ਨਿਦਰਸ਼ਨ ਜਾਣ ॥੬੩॥

## ਬੰਨਗੀ, ਅਣਬਣ ਪਦਾਰਥਾਂ ਦੀ ਤੁਲਨਾ ਦੀ

ਕਬਿੱਤ—ਕੱਚ ਦੀ ਪਹਰ ਮਾਲਾ ਮੂਰਖ ਮਚਾਵੇ ਯੁਧ ਸ਼ੀਸ਼ਿਆਂ 'ਚਿ ਬੈਠ ਮਾਰੇ ਪੱਥਰ ਅਕਾਸ਼ ਨੂੰ। ਨਦੀਆਂ ਦੀ ਢਾਹ ਤੇ ਉਸਾਰੇ ਘਰ ਰੇਤ ਨਾਲ ਅਗਨੀ ਦੇ ਕੋਟ 'ਚਿ ਲੁਕੋਵੇ ਰੂੰ ਦੀ ਰਾਸ ਨੂੰ। ਪਾਣੀ ਜੋ ਵਿਰੋਲ ਰਿਹਾ ਮੱਖਣ ਨਿਤਾਰਣ ਨੂੰ ਚਾਦਰਾਂ ਦੀ ਝਾਕ ਲਾਹੇ ਮੱਛਰਾਂ ਦੇ ਮਾਸ ਨੂੰ। ਗੁਰੂ ਦੀ ਸ਼ਰਨ ਤਜਾਗ ਸੁਖ ਜੋ ਨਿਭਾਗ ਚਾਹੇ ਰੱਜ ਖਾਵੇ ਬਿਖ ਰਖੇ ਜੀਵਨ ਹੁਲਾਸ ਨੂੰ ॥੬੪॥

ਤਿਲਕ—'ਗੁਰੂ ਦੀ ਸ਼ਰਨ ਛਡ ਕੇ ਸੁਖ ਚਾਹੁਣਾ' ਬਿਖ ਖਾ ਕੇ ਜੀਉਣ ਦੀ ਆਸਾ ਰਖਣਾ' ਹੈ। ਸੋ ਅਸੱਤ ਅਤੇ ਸੱਤ ਦੀ ਤੁਲਣਾ ਹੈ।

Sri Satguru Jagjit Singh Ji eLibrary NamdhariElibrary@gmail.com

## ਬੰਨਗੀ ਕ੍ਰਿਆਵਾਂ ਦੀ ਤੁਲਣਾ !

ਦੋਹਿਰਾ—

ਮਨ ਬਚ ਪ੍ਰੀਤਮ ਸਿਮਰਕੇ ਗਾਇ ਗੀਤ ਗੁਨ ਰਾਗ ।
ਦੂਜੀ ਦ੍ਰਿਸ਼ਟ ਹਟਾਇਕੇ ਮਾਣੇ ਰੰਡ ਸੁਹਾਗ ॥੬੫॥

ਤਿਲਕ—'ਪ੍ਰੀਤਮ ਸਿਮਰਨ' ਆਦੀ ਕ੍ਰਿਆਵਾਂ ਨਾਲ 'ਸੁਹਾਗ ਮਾਨਣ' ਕ੍ਰਿਯਾ ਦੀ ਤੁਲਣਾ ਹੈ ।

## ੩. 'ਤੁਲਯਯੋਗਿਤਾ ਅਲੰਕਾਰ' ਲੱਛਣ !

ਦੋਹਿਰਾ—

ਸਭ ਉਪਮੇਯਾਂ ਦਾ ਕਦੇ, ਉਪਮਾ ਦਾ ਧਰਮੇਕ ।
ਇੱਕ ਰੂਪ ਰਿਪ ਮਿੱਤ੍ਰ ਨੂੰ ਸਮ ਵਸਤੂ ਮੁਖ ਟੇਕ ॥੬੬॥

ਭਾਵ-ਕਦੇ ਉਪਮੇਯਾਂ ਦਾ ਅਤੇ ਕਦੇ ਉਪਮਾਨਾਂ ਦਾ ਇਕ ਧਰਮ ਹੋਵੇ, ਮਿੱਤ੍ਰ ਅਤੇ ਵੈਰੀ ਲਈ ਇਕ ਜੇਹਾ ਹੋਵੇ, ਅਤੇ ਉਸ ਵਰਗੀ ਵਸਤੂ ਨੂੰ ਸਾਮੀ ਹੀ ਕਹਿਣਾ, ਇਹ ੩ ਭੇਦ ਹਨ ।

## ਬੰਨਗੀ, ਪਹਿਲਾ ਭੇਦ

ਦੋਹਿਰਾ—

ਸਗਲੇ ਕਾਵ੍ਯ ਸਮਾਜ ਵਿਚ ਚੰਦ ਕਮਲ ਸਿਰ ਤਾਜ ।
ਇਨ੍ਹਾਂ ਬਿਨਾਂ ਇਸ ਜਗਤ ਵਿਚ ਮਰੇ ਕਾਵ੍ਯ ਸਣ ਲਾਜ ॥੬੭॥

ਤਿਲਕ - ਚੰਦ ਆਦੀ ਪ੍ਰਸਿੱਧ ਉਪਮਾਨਾਂ ਦੇ 'ਸਿਰਤਾਜ' ਆਦੀ ਇੱਕੋ ਧਰਮ ਕਹੇ ।

## ਬੰਨਗੀ, ਦੂਜਾ ਭੇਦ

ਇੰਦਵ ਛੰਦ—ਫੁੱਲ ਚੜ੍ਹਾਇ ਕਰੇ ਮਨ ਪੂਜਣ, ਜੋ ਨਰ

Sri Satguru Jagjit Singh Ji eLibrary NamdhariElibrary@gmail.com

ਸ੍ਰੀਰ ਪਖਾਰ ਕਰੈ। ਜੋ ਜਲ ਪੀਅ ਅਨੰਦ ਕਰੈ, ਅਰੁ ਡਾਰ ਤੁਝੈ ਤਨ ਵਾਰ ਕਰੈ। ਸਾਧੁ ਅਸਾਧੁ ਸਭੈ ਨਰ ਜੈ, ਸਤਿਕਾਰ ਕਰੈ 'ਤ੍ਰਿਸਕਾਰ ਕਰੈ'। 'ਕੇਹਰਿ' ਜਾਇ ਸਮੀਪ ਸੁਧਾਸਰ! ਤਾਪ ਸੰਤਾਪ ਪ੍ਰਹਾਰ ਕਰੈ ॥੬੮॥

ਤਿਲਕ–ਸ੍ਰੀ ਅੰਮ੍ਰਿਤਸਰ ਨੂੰ ਬੁਰੇ-ਭਲੇ ਨਾਲ ਇੱਕ ਰੂਪ ਕਿਹਾ।

## ਬਿੰਨਗੀ ਤੀਜਾ ਭੇਦ

ਦੋਹਿਰਾ–

ਮਾਤ ਪਿਤਾ ਅਰੁ ਬੰਧੁ ਸਭ ਕਾਮਧੇਨੁ ਧਨ ਪ੍ਰਾਨ।
ਗੁਰੂ ਨਾਨਕ ਹੈਂ ਸਭ ਤੁਹੀਂ ਕੇਹਿਰ ਕਵਿ ਸਨਮਾਨ ॥੬੯॥

ਤਿਲਕ–ਸਤਿਗੁਰੂ ਨੂੰ ਕਾਮਧੇਨੁ ਵਰਗਾ ਨਾ ਕਹਿ ਕੇ 'ਸਾਮਾਹੀ' ਕਿਹਾ।

## ੪. ਦੀਪਕਾਲੰਕਾਰ ਲੱਛਣ

ਦੋਹਿਰਾ–

ਇਕ ਸ਼ਬਦ ਜਾਂ ਅਰਥ ਜਦ ਲਗੇ ਬਹੁਤ ਵਿਚ ਜਾਇ।
'ਦੀਪਕ' ਭੂਸ਼ਣ ਜਾਣ ਤਿਸ ਤਿੰਨ ਪ੍ਰਕਾਰ ਸੁਭਾਇ ॥੭੦॥

## ਛਿੰਨਗੀ ਪਦਾਰਿਤ ਦੀਪਕ

ਕਬਿੱਤ–੧ਚਾਹ ਕਰੇ ਧਨ ਦੀ ਨ ਅੰਨ ਦੀ ਪ੍ਰਵਾਹ ਕਰੇਂ ਯਾਦ ਕਰੇਂ ਰਬ ਨੂੰ ਨ ਹੋਰ ਨੂੰ ਵਡਾਈ ਦੇਂ। ਹਮ ਸੇ ੨ਧੁਜ਼ਾਰ ਰਹੇਂ ਤਯਾਰ ਬਰਤਯਾਰ ਰਹੇਂ ਰਹੇਂ ਜਾ ਉਜਾੜ

---

੧ਲਾਹੌਰ ਦੇ ਸੂਬੇ ਦੀ ਨਾਦਰ ਸ਼ਾਹ ਨਾਲ ਸਿੰਘਾਂ ਬਾਬਤ ਗੱਲ। ੨ਲੜਨ ਵਾਲੇ।

ਦਿਨੇ ਕਿਤੇ ਨ ਦਿਖਾਈ ਦੇਂ। ਸ਼ੇਰ ਡਰੇਂ ਖਾਨ ਡਰੇਂ ਮੁਗਲ ਪਠਾਣ ਡਰੇਂ ਡਰੇ ਸ਼ਾਹ ਨਾਦਰ! ਸੁਹਮ ਭੀ ਦੁਹਾਈ ਦੇਂ। ਕੁੱਟ ਜਾਣ ਲੁਟ ਜਾਣ 'ਕੇਹਿਰ' ਅੜੁੱਤ ਜਾਣ ਟੁੱਟ ਜਾਣ ਫੁੱਟ ਜਾਣ ਫੇਰ ਨ ਫੜਾਈ ਦੇਂ ॥੭੧॥

ਤਿਲਕ—ਜਾਣ 'ਅਤ' 'ਕਰੇ' ਬਹੁਤੀ ਪਾਸੀਂ ਲੱਗਣ ਕਰਕੇ ਪਦਾਬ੍ਰਿਤਿ।

## ਬੰਨਗੀ ਅਰਥਾਬ੍ਰਿਤਿ ਦੀਪਕ

ਦੋਹਿਰਾ—

ਬਣ ਸੇਵਣ ਗਿਰ ਧਯਾਇੰਦੇ ਜਸ ਗਾਵਣ ਭੁਵਨੇਸ਼।
ਅਮਰ ਅਰਾਧਣ ਨਰਜਪਣ ਮੁਨਿ ਸਿਮਰਨ ਦਸ਼ਮੇਸ਼ ॥੭੨॥

ਤਿਲਕ—ਸੇਵਣ ਅਤੇ ਅਰਾਧਣ ਆਦੀ ਸ਼ਬਦਾਂ ਦੁਆਰਾ ਇਕੋ ਅਰਥ ਮੁੜ ੨ ਆਇਆ ਹੈ ਸੋ ਅਰਥਾਬ੍ਰਿਤਿ।

## ਬੰਨਗੀ, ਸ਼ਬਦ ਤੇ ਅਰਥ ਦੋਹਾਂ ਦੀ ਆਬ੍ਰਿਤਿ

ਦੋਹਿਰਾ—

ਕੇਹਰ ਸ੍ਰੀ ਗੁਰ ਹੱਥ ਤੇ ਛੁਟੇ ਤੀਰ ਰਣ ਤੇਗ।
ਛੁੱਟੇ ਬੰਦੀ ਹਿੰਦ ਦੇ ਛੁੱਟੇ ਦੁਸ਼ਟਾਂ ਬੇਗ ॥੭੩॥

ਤਿਲਕ—'ਛੁੱਟੇ' ਸ਼ਬਦ ਅਤੇ ਅਰਥ ਇਕੋ ਹੀ ਬਹੁਤੀ ਵਾਰ ਆਇਆ ਹੈ, ਮਗਰ ਤਾਤਪ੍ਰਯ ਅੱਡ ੨ ਹੈ। ਸੋ ਪਦਾਰਥਾਬ੍ਰਿਤਿ।

## ਦੇਹਲੀ ਦੀਪਕ ਲੱਛਣ

ਦੋਹਿਰਾ—

ਇੱਕ ਸ਼ਬਦ ਜੋ ਮੱਧ ਹੋ ਕਰੇ ਦੁਪਾਸੇ ਕਾਮ।
ਅਲੰਕਾਰ ਸੋ ਜਾਨੀਏ ਦਿਹਲੀ ਦੀਪਕ ਨਾਮ ॥੭੪॥

. Sri Satguru Jagjit Singh Ji eLibrary NamdhariElibrary@gmail.com .

## ਬੰਨਗੀ

ਇੰਦਵ ਸ੍ਵੈਯਾ—ਜ਼ਾਲਿਮ ਔਰੰਗ ਜ਼ੇਬ ਦੇ ਪ੍ਰਾਣ 'ਹਰੇ' ਜਿਨ ਭਾਰਤ ਦੇ ਦੁਖ ਸਾਰੇ। ਆ ਜਗ ਪਾਪਨ ਡੰਡ 'ਦਏ' ਸੁਖ ਭੋਗ ਸੁ ਸਾਧ ਜਨਾਂ ਜਿਨ ਭਾਰੇ। ਉੱਤਮ ਗਜ਼ਾਨ ਪ੍ਰਕਾਸ਼ 'ਕਰੇ' ਜਿਨ ਕਾਇਰ ਤੇ ਨਰ ਸੂਰ ਕਰਾਰੇ। ਬੀਰਨਬੀਰ ਸੁਧੀਰ ਗੁਰੂ ਕਲਗੀਧਰ ਨੂੰ ਸਦ ਬੰਦ ਹਮਾਰੇ ॥੭੫॥

ਤਿਲਕ ਹਰੇ ਆਦਿਕ ਦਾ ਮੇਲ ਦੋਹੀਂ ਬੰਨੀਂ ਹੋਣ ਕਰਕੇ ਦੇਹਲੀ ਦੀਪਕ।

## ੨੫. ਏਕਾਵਲੀ ਅਲੰਕਾਰ ਲੱਛਣ

ਦੋਹਿਰਾ—

ਕੇਹਰਿ ਕਿਸੇ ਪ੍ਰਸੰਗ ਵਿਚ ਹੋਇ ਜੰਜੀਰੀ ਜੋੜ।
ਏਕਾਵਲੀ ਬਖਾਣ ਦੇ ਕਵਿਜਨ ਕਾਵਯ ਨਿਚੋੜ ॥੭੬॥

## ਬੰਨਗੀ

ਦੋਹਿਰਾ—

ਬਿਨ ਸੁਭ ਗੁਣ ਮਾਨੁਖ ਨਹੀਂ ਗੁਣ ਨਾ ਬਿਨਾਂ ਗਿਆਨ।
ਸੋਇ ਗਯਾਨ ਬਿਨ ਅਮਲ ਨਾ, ਅਮਲ ਨ ਬਿਨ ਕੁਰਬਾਨ।੭੭।

## ੨੬. ਕਾਰਣਮਾਲਾ ਅਲੰਕਾਰ ਲੱਛਣ

ਦੋਹਿਰਾ—

ਕਾਰਣਕਾਰਯ ਭਾਵ ਦੀ ਐਸੀ ਲੜੀ ਬਣਾਇ।
ਕਾਰਣ ਪਹਿਲਾਂ ਕਾਜ ਜਾਂ, ਕਾਰਣ ਮਾਲ ਸੁਹਾਇ ॥੭੭॥

### ਉਦਾਹਰਣ (ਬੰਨਗੀ)

ਦੋਹਿਰਾ—

ਆਨੰਦ ਕਾਰਣ ਕਾਰਜ ਹੈ ਕਾਰਜ ਬੁੱਧਿ ੧ਪਰਿਣਾਮ।
ਬੁੱਧੀ ਹੇਤੁ ਅਚਿੰਤਤਾ ਕਰੇ ਅਚਿੰਤਾ ਨਾਮ ॥੭੮॥

ਤਿਲਕ—ਆਨੰਦ ਆਦੀ ਕਾਰਯ ਪਹਿਲਾਂ ਅਤੇ ਕਾਰਜ ਆਦੀ ਕਾਰਣ ਪਿਛੋਂ ਕਹੇ।

## ੨੭. ੨ਰਸ਼ਨੋ ਰਸ਼ਨ ਅਲੰਕਾਰ ਲੱਛਣ

ਦੋਹਿਰਾ—

ਇੱਕ ਦੂ ਇੱਕ ਚੜ੍ਹੰਦੀਆਂ ਬਹੁ ਵਸਤਾਂ ਦੀ ਮਾਲ।
ਮੋਤ ਰੰਗ ਕਰਿ ਆਖੀਏ ਰਸ਼ਨੋ ਰਸ਼ਨ ਸੁਭਾਲ ॥੭੯॥

### ਬੰਨਗੀ

ਕਬਿੱਤ—ਦਾਮ ਹੂੰ ਕੇ ਜੋੜਣ ਤੇ ਦਾਨ ਹੈ ਜਗਤ ਸਾਰ ਦਾਨ ਤੇ ਅਧਿਕ ਸਾਰ ਵਿਦਿਆ ਪ੍ਰਮਾਨੀਏ। 'ਕੇਹਰ' ਵਿਚਾਰ ਸਾਰ ਵਿਦਿਆ ਨੂੰ ਪਾਇ ਕਰ ਸਾਰ ਹੈ ਵਿਚਾਰ ਤੇ ਜੋ ਖਿਮਾਂ ਚਿੱਤ ਆਨੀਏ। ਖਿਮਾ ਤੇ ਸੰਤੋਖ ਸੰਤੋਖੋਂ ਉਪਕਾਰ ਸਾਰ, ਸਾਰ ਉਪਕਾਰ ਤੇ ਬਚਨ ਸੱਤ ਜਾਨੀਏ। ਬਚਨ ਤੇ ਗਿਆਨ ਸਾਰ ਸਾਰ ਹੈ ਗਿਆਨ ਹੂੰ ਤੇ ਆਜਿਜ਼ਾਂ ਦੇ ਹੇਤ ਜਗ ਜਾਨ ਕੁਰਬਾਨੀਏ ॥੮੦॥

---

੧ਕਾਰਯ। ੨ਇਹਨੂੰ 'ਉਤ੍ਰੋਤਰ' ਅਤੇ ਸਾਰ ਅਲੰਕਾਰ ਭੀ ਕਹਿੰਦੇ ਹਨ।

## ੨੮. ਯਥਾਸੰਖਿਆਲੰਕਾਰ ਲੱਛਣ

ਦੋਹਿਰਾ—

ਰੌਲ ਨਾਲ ਜਦ ਮੇਲ ਹੋ ਪਹਿਲਜਾਂ ਪਿਛਲਜਾਂ ਨਾਲ।
ਯਥਾ ਸੰਖਜ ਭੂਸ਼ਣ ਕਹੌ ਸੁੰਦਰ ਇਸ ਦੀ ਚਾਲ ॥੯੧॥

ਤਿਲਕ—ਪਹਿਲਿਆਂ ਦਾ ਪਿਛਲਿਆਂ ਨਾਲ ਵਾਰੋ ਵਾਰੀ ਮੇਲ ਹੋਵੇ।

### ਬੰਨਗੀ

ਦੋਹਿਰਾ—

'ਕੇਹਰਿ' ਮਨ, ਗੁਰ, ਮਾਲ, ਗੁਣ, ਔਗੁਣ, ਹਰਿ ਸੋ ਮਿੱਤ।
ਮਾਰਨ, ਧਾਰਨ, ਖੱਟ, ਹਰੁ, ਤਜਾਗ ਕਰੋ ਹਿੱਤ ਚਿੱਤ ॥੯੨॥

ਤਿਲਕ—ਮਨ ਨੂੰ ਮਾਰਨ, ਗੁਰੂ ਨੂੰ ਧਾਰਨ ਇਤਿਆਦਿਕਾਂ ਦਾ ਮੇਲ ਹੈ।

## ੨੯. ਉਦੱਤਾਲੰਕਾਰ ਲੱਛਣ

ਦੋਹਿਰਾ—

ਠਾਟ ਬਾਟ ਛਬਿ ਆਖੀਏ ਸੋ ਉੱਦਾਤ ਪਛਾਨ।
ਉੱਚ ਨਿਸ਼ਾਨੀ ਕਰ ਕਹਿਣ ਮਹਾਂ ਪੁਰਖ ਅਸਥਾਨ ॥੯੩॥

ਤਿਲਕ—ਛਬਿ ਬਰਨਨ ਅਤੇ ਮਹਾਂ ਪੁਰਖ ਅਥਵਾ ਕਿਸੇ ਅਸਥਾਨ ਦੀ ਸਰਧਾ ਸਹਿਤ ਨਿਸ਼ਾਨੀ ਕਹਿਣੀ। ਇਸ ਲਈ ੨ ਭੇਦ।

### ਬੰਨਗੀ

ਕਬਿੱਤ ਅੰਮਿਰਤ ਤਾਲ ਹੈ ਚੁਫੇਰੇ ਹਰਿਮੰਦਰ ਦੇ ਸੋਨੇ ਰੰਗਾ ਰੰਗ ਕਰੇ ਸੁੰਦਰ ਅਕਾਸ਼ ਨੂੰ। ਸਜਦੀ ਪ੍ਰਕਰਮਾ ਹੈ

. Sri Satguru Jagjit Singh Ji eLibrary NamdhariElibrary@gmail.com .

ਸੰਗ 'ਸੰਗਮਰਮਰ' ਬਿਜਲੀ ਪ੍ਰਕਾਸ਼ ਦੇਵੇ ਆਨੰਦ ਹੁਲਾਸ ਨੂੰ। ਰਾਤ ਦਿਨ ਅੱਠੇ ੧ਜਾਮ ਕੀਰਤੀ ਅਖੰਡ ਸੁਣੇ 'ਵਾਹਿਗੁਰੂ' ਸਤਿ ਸ੍ਰੀ ਅਕਾਲ ਦੇ ਬਿਲਾਸ ਨੂੰ। ਜਾਪੀ ਤਾਪੀ ਪਾਪੀ ਤੇ ਸਰਾਪੀ ਕਵਿ 'ਕੇਹਿਰ' ਸੁ ਲੱਖਾਂ ਹੀ ਜਗਿਆਸੂ ਪੈਣ ਆਤਮ ਪ੍ਰਕਾਸ਼ ਨੂੰ ॥੯੩॥

ਤਿਲਕ—ਇਹ ਬੰਨਗੀ ਪਹਿਲੇ ਭੇਦ ਦੀ ਹੀ ਹੈ।

## ੧੦. 'ਅਧਿਕਾਲੰਕਾਰ' ਲੱਛਣ !

ਦੋਹਿਰਾ—

'ਕੇਹਿਰ' ਜਦ ਆਧੇਯ ਨੂੰ ਕਰਿ ਆਧੇਯਾਧਾਰ।
ਬੜਾ ਕਹਿਣ ਆਧਾਰ ਤੋਂ ਸੋ ਅਧਿਕਾਲੰਕਾਰ ॥੯੪॥

ਭਾਵ—ਜਦ ਆਧੇਯ ਨੂੰ ਆਧਾਰ ਤੋਂ ਅਧਿਕ ਕਹੀਏ ਅਤੇ ਆਧੇਯ ਨੂੰ ਆਧਾਰ ਬਣਾ ਕੇ ਪ੍ਰਸਿੱਧ ਆਧਾਰ ਤੋਂ ਅਧਿਕ ਕਹੀਏ ਤਾਂ ਅਧਿਕਾਲੰਕਾਰ ਹੁੰਦਾ ਹੈ। ਸੋ ਦੋ ਭੇਦ ਹੋਏ।

## ਬੰਨਗੀ, ਆਧਾਰ ਤੋਂ ਆਧੇਯ ਅਧਿਕ

ਦੋਹਿਰਾ—

ਤੁੱਛ ਮੱਤਿ ਕੈਸੇ ਕਹਾਂ ਗੁਰ ਕੇ ਮੈਂ ਉਪਕਾਰ।
ਜਿਨ੍ਹਾਂ ਕਦੇ ਨ ਮੇਵਿਆ ਜਸ ਬ੍ਰਹਿਮੰਡ ਮਝਾਰ ॥੯੬॥

ਤਿਲਕ—'ਬ੍ਰਹਿਮੰਡ' ਆਧਾਰ ਤੋਂ 'ਜਸ' ਆਧੇਯ ਨੂੰ ਬੜਾ ਕਿਹਾ।

---

੧ਪਹਿਰ।

Sri Satguru Jagjit Singh Ji eLibrary NamdhariElibrary@gmail.com

## ੧੧. 'ਵਿਸ਼ੇਸ਼ਾਲੰਕਾਰ' ਲੱਛਣ !

ਦੋਹਿਰਾ—

੧ਬਿਨ ਆਧਾਰ ਅਧੇਯ ਹੋ ਇੱਕੇ ਤੇ ਬਹੁ ਕਾਜ।
੩ਇੱਕ ਸਮੇਂ ਹੀ ਆਖੀਏ ਇੱਕੋ ਸਭ ਥਾਂ ਮਾਜ ॥੯੭॥

ਤਿਲਕ—੩ਭੇਦ ਜਾਨਣੇ।

### ਬੰਨਗੀ, ਪਹਿਲੇ ਭੇਦ ਦੀ—

ਦੋਹਿਰਾ—

ਧੰਨ ਧੰਨ ਸਿਖ ਜਾਨੀਏ ਜਿਨਕੇ ਪਰਉਪਕਾਰ।
ਹੁਣ ਭੀ ਦੇਹ ਸ੍ਰੂਪ ਬਿਨ ਚੱਖ੍ਰਿਤ ਕਰਨ ਸੰਸਾਰ ॥੯੮॥

ਤਿਲਕ—'ਦੇਹ' ਆਧਾਰ ਤੋਂ ਬਿਨਾਂ ਹੀ 'ਪਰਉਪਕਾਰ' ਆਧੇਯ ਦੀ ਇਸਥੀ ਕਹੀ।

## ੧੨. ਅਸਾਧਾਲੰਕਾਰ (ਵਿਸ਼ੇਸ਼ੋਕਤੀ) ਅਲੰਕਾਰ ਲੱਛਣ !

ਦੋਹਿਰਾ—

ਸਭ ਹੀ ਕਾਰਣ ਹੁੰਦਿਆਂ ਕਾਜ ਸਿੱਧ ਨਾਂ ਹੋਇ।
ਭੂਸ਼ਣ ਸੋਇ 'ਅਸਾਧ' ਹੈ ਕਹਿਣ ਕਵੀ ਸਭ ਕੋਇ ॥੯੯॥

### ਬੰਨਗੀ

ਕਬਿੱਤ—ਦੇਸ ਭੀ ਪੰਜਾਬ ਸੋਈ ਸ਼ਹਿਰ ਲਾਹੌਰ ਓਹੀ ਸਭ ਪਰਵਾਰ ਕੋਟ ਗੜ੍ਹੀ ਮਨ ਭਾਵਨੀ। ਹਾਥੀ ਅਰੁ ਘੋੜੇ ਰਥ ਧਨ ਦੇ ਭੰਡਾਰ ਸੋਈ ਬਰਛੀ ਕਟਾਰ ਤੇਗਾਂ ਤੁਪਕ ਡਰਾਵਨੀ। ਸੋਈ ਫੌਜ ਖਾਲਸਾ ਤੇ 'ਕੇਹਰਿ' ਕੇਹਰਿ ਜੋਪੇ

ਜਿਨ੍ਹਾਂ ਰੂਸ ਕਾਬਲ ਕੰਧਾਰ ਧਾਕ ਧਾਵਣੀ। ਬਿਨਾਂ ਇੱਕੋ ਸ਼ੇਰ ਮਹਾਰਾਜਾ ਰਣਜੀਤ ਸਿੰਘ ਚਾਕਰਾਂ ਹਰਾਮ ਖੋਰਾਂ ਕੀਤੀ ਛਬਿ ੧ਛਾਵਣੀ ॥੯੦॥

ਝਲਕ–ਇਹ ਬੰਨਗੀ ਉਕਤਿ ਨਮਿਤਾ ਦੀ ਹੈ ਇਸ ਦੇ ਹੋਰ ਦੋ ਭੇਦ 'ਅਨੁਕਤਿ ਨਮਿਤਾ' ਅਤੇ 'ਅਚਿੰਤ ਨਮਿਤਾ' ਭੀ ਹਨ।

## ੧੩. ਬਿਭਾਵਨਾਲੰਕਾਰ ਲੱਛਣ

ਦੋਹਿਰਾ–

'ਕੇਹਰਿ' ਬਿਨ ਹੀ ਕਾਰਣੋ ਕਾਰਜ ਉਤਪਤਿ ਹੋਇ।
ਭੂਸ਼ਣ ਸੋਇ ਬਿਭਾਵਨਾਂ ਕਹਿਣ ਸੁ ਕਵਿ ਸਭ ਕੋਇ ॥੯੧॥

ਬੰਨਗੀ

ਕਬਿੱਤ–ਸੈਨਾ ਦੇ ਮਹੈਣ ਬਿਨ ਜਿੱਤ ਕੇ ਜਗਤ ਮੱਤ ਬਿਨਾਂ ਖੇਤ ਖੇਚਲ ਧਰਮ ਜੜ ਲਾ ਰਹੇ। ਮਾਰ ਬਿਨ ਸਾੜ ਬਿਨ ਬਿਖ ਹਥਿਆਰ ਬਿਨੈ ਪਾਤਕ 'ਪ੍ਰਚਾਰ ਮੂਲ' ਮੂਲ ਤੋਂ ਮਿਟਾ ਰਹੇ। ਦੇਸ ਧਨ ਧਾਮ ਦਾਨ ਸੋਨਾ ਮੋਤੀ ਖਾਨ ਬਿਨ ਕੇਤਿਆਂ ਨੂੰ ਰਾਜ ਰਾਜੇ ਸਹਿਜ ਬਣਾ ਰਹੇ। ਸਤਿਗੁਰ ਨਾਨਕ ਪ੍ਰਕਾਸ਼ ਰਹੇ ੨ਰੰਦ ਬਿਨਾਂ ਜਾਣਦਾ ਹੈ ਕੌਣ ਕਲਾ ਵਰਤਾ ਰਹੇ ॥੯੨॥

---

੧ਛਾਉਂ ਦੀ ਤਰਾਂ ਉਡ ਜਾਣ ਵਾਲੀ ਅਰਥਾਤ ਉਜਾੜ ਦਿਤੀ। ੨ਇਸ ਤੋਂ ਉਪਲੱਛਤ ਸੂਰਜ ਆਦੀ ਭੀ ਸਮਝਣੇ।

. Sri Satguru Jagjit Singh Ji eLibrary NamdhariElibrary@gmail.com .

## ੧੪. 'ਵਯਾਘਾਤਾਲੰਕਾਰ' ਲੱਛਣ !

ਦੋਹਿਰਾ—

ਜਿਸਤੋਂ ਕਿਸੇ ਆਨੰਦ ਹੋ ਓਸੇ ਤੇ ਦੁਖ ਹੋਇ।
ਦੁਖਦ ਸੁਖਦ ਹੋ ਹੋਰ ਨੂੰ, ਹਨ ਵਯਾਘਾਤ ਸੁ ਦੋਇ ॥੯੩॥

ਤਿਲਕ—ਜਿਸਤੋਂ ਸੁਖ ਓਸੇ ਤੋਂ ਦੁਖ ਅਤੇ ਜੋ ਹੋਰ ਨੂੰ ਦੁਖਦਾਈ ਓਹੀ ਹੋਰ ਨੂੰ ਸੁਖਦਾਈ।

### ਬੰਨਗੀ, ਪਹਿਲਾ ਭੇਦ

ਦੋਹਿਰਾ—

ਧਨ ਯੋਬਨ ਹਰ ਪੁਰਖ ਦੀ ਹਰਦਮ ਕਰਨ ਸਹਾਇ।
ਬਿਨ ਸਤਿਸੰਗਤਿ ਸੋਂ ਹੀ 'ਕੇਹਰਿ' ਨਰਕ ਲਜਾਇ ॥੯੪॥

### ਬੰਨਗੀ, ਭੇਦ ਦੂਜਾ

ਦੋਹਿਰਾ—

'ਕੇਹਰਿ' ਬੰਸ ਵਧੌਣ ਨੂੰ ਪੁੱਤ੍ਰ ਜਣੇ ਜਹਾਨ।
ਸਤਿਗੁਰ ਸੋਈ ਜਾਨ ਫਲ ਲਾਲ ਕਰੇ ਕੁਰਬਾਨ ॥੯੫॥

ਤਿਲਕ—ਬੰਸ ਵਧੌਣ ਲਈ ਪੁੱਤ੍ਰਾਂ ਦਾ ਵਿਯੋਗ ਹੋਰਨਾਂ ਨੂੰ ਪ੍ਰਤਿਕੂਲ ਹੈ, ਸੋਈ ਸਤਿਗੁਰਾਂ ਨੂੰ ਅਨੁਕੂਲ।

## ੧੫. ਸੰਭਾਵਨਾਲੰਕਾਰ' ਲੱਛਣ !

ਦੋਹਿਰਾ—

ਇਕ ਵਾਕਯ ਦੇ ਆਸਰੇ ਦੂਜਾ ਹੋਇ ਬਖਾਨ।
ਅਲੰਕਾਰ ਸੰਭਾਵਨਾ 'ਕੇਹਰਿ' ਨਿਸਚੇ ਜਾਨ ॥੯੬॥

Sri Satguru Jagjit Singh Ji eLibrary NamdhariElibrary@gmail.com

## ਬੰਨਗੀ

ਕਬਿੱਤ—ਮੱਛ ਕੱਛ ਹੋਵਾਂ ਜੇ ਤਾਂ ਜਾਇ ਟੋਲਾਂ ਸਾਗਰਾਂ 'ਚਿ ਮਿਰਗ ਮ੍ਰਿਗਿੰਦ ਹੋਵਾਂ ਥਲ ਸੂਟਾਂ ਮਾਪ ਮੈਂ। ਰਵਿ ਚੰਦਵਾਲ †ਹੋਵਾਂ ਖੰਭ ਖਰੀਦਾਰ ਹੋਵਾਂ ਤਨ ਨੂੰ ਜੜ੍ਹਾਇਕੇ ਅਕਾਸ਼ ਢੂੰਡਾਂ ਆਪ ਮੈਂ। 'ਕੇਹਰਿ' ਮੇਹਰਿ ਕਰਿ ਨਾਨਕ ਮਿਲਣ ਗੁਰੂ ਚਰਣ ਪਰਸ ਕਰਾਂ ਪਿਤਾ ਦਾ ਮਿਲਾਪ ਮੈਂ। ਹੋਂਵਦੀ ਜੇ ਸੂਝ ਬੂਝ ਨਦਰ ਕਰਮ ਸਮੇਂ ਦੱਬ ਕੇ ਨਿਭਾਗ ਕਰਿ ਲੈਂਦਾ ਵਿਰਲਾਪ ਮੈਂ ॥੯੭॥

## ੧੬. ਅਸੰਗਤਾਲੰਕਾਰ ਲੱਛਣ !

ਦੋਹਿਰਾ—

ਕਾਰਨ ਕਾਰਜ ਅੱਡ ੧ਥਾਂ, ਆਦੋਂ ਹੋਇ ੨ਵਿਰੁੱਧ।
੩ਹੋਵੇ ਯੋਗਜ ਅਯੋਗਜ ਥਾਂ ਸੋਇ ਅਸੰਗਤਿ §ਬੁੱਧ ॥੯੮॥

ਤਿਲਕ—੩ ਪ੍ਰਕਾਰ।

### ਬੰਨਗੀ, ਦੂਜੇ ਭੇਦ ਦੀ

ਦੋਹਿਰਾ—

ਪ੍ਰਗਟ ਭਏ ਜਗ ਆਪ ਹੋਂ ਜਾਨ ਬਚਾਵਣ ਦੇਸ਼।
ਸਿਖਾਂ ਪੁੱਤ੍ਰਾਂ ਸੀਸ ਕਿਉਂ ਵਾਰੇਂ ਸ੍ਰੀ ਦਸਮੇਸ਼ ॥੯੯॥

ਤਿਲਕ—ਦੇਸ਼-ਜਾਨ ਬਚੌਣਾ ਅਰੰਭ ਕੇ ਪੁੱਤ੍ਰਾਂ ਅਤੇ ਸਿੱਖਾਂ ਦੀ ਕੁਰਬਾਨੀ ਕਰਨੀ ਵਿਰੁੱਧ ਕਹੀ।

---

†ਹਵਾ। §ਜਾਣੋ।

Sri Satguru Jagjit Singh Ji eLibrary NamdhariElibrary@gmail.com

# ੧੭. 'ਬਿਖਮਾਲੰਕਾਰ' ਲੱਛਣ !

ਦੋਹਿਰਾ—

੧ ਹੋਵੇ ਅਣਬਣ ਮੇਲੀਆਂ, ੨ ਕਰਦੇ ਨੂੰ ਫਲ ਹਾਨ ।
੩ ਕਾਰਣ ਦੇ ਫਲ ਪਰਸਪਰ ਵਿਖੜੇ 'ਬਿਖਮ' ਸੁਜਾਨ ।੧੦੦।

## ਬੰਨਗੀ ੧ ਭੇਦ

ਦੋਹਿਰਾ—

ਨਦਰ ਕਰੀ ਸ੍ਰੀ ਸਤਿਗੁਰੂ ਪਈ ਆਣਕੇ ਸਾਂਝ ।
ਸੰਗਤਿ ਕਿਤੇ ਬਿਕੁੰਠ ਅਰੁ ਮੈਂ ਪਾਪੀ ਤਨ ਬਾਂਝ ॥੧੦੧॥

ਤਿਲਕ—'ਸੰਗਤਿ' ਬੈਕੁੰਠ ਅਤੇ ਮੈਂ ਪਾਪੀ ਇਹਨਾਂ ਦੋਹਾਂ ਮੇਲੀਆਂ ਦੀ ਬਿਖਮਤਾ ।

## ਬੰਨਗੀ ੨. ਭੇਦ

ਦੋਹਿਰਾ—

ਰਾਮ ਚੰਦਰ ਦੇ ਬਰਨ ਨੂੰ ਸੂਪਨਖਾਂ ਲਲਚਾਇ ।
ਬੈਠੀ ਨੱਕ ਬਢਾਇਕੇ ਅਗਲੀ ਗੱਲ ਕੁਆਇ ॥੧੦੨॥

ਤਿਲਕ—ਬਰਨ ਰੂਪ ਕਾਰਯ ਨ ਹੋਯਾ ਸਗੋਂ ਨੱਕ ਬਢੌਣ ਦਾ ਵਿਰੁੱਧ ਕਾਰਜ ਹੋਇਆ ।

## ਬੰਨਗੀ ੩. ਭੇਦ

ਦੋਹਿਰਾ—

ਸਤਿਗੁਰਿ ਤੇਰੀ ਤੇਗ ਨੂੰ ਲਗੀ ਦੁਰੰਸੀ ਲਾਗ ।
ਇਕਨਾਂ ਕਰਦੀ ਰੰਡੀਆਂ ਇਕਨਾਂ ਬੁੱਢ ਸੁਹਾਗ ॥੧੦੩॥

ਤਿਲਕ—ਇਕੋ ਤੇਗ ਦੇ ਦੋ ਵਿਰੁੱਧ ਫਲ ।

Sri Satguru Jagjit Singh Ji eLibrary NamdhariElibrary@gmail.com

# ਤੀਜਾ ਤਰੰਗ

## ੧. ਸਮੁਚਯਲੰਕਾਰ ਲੱਛਣ

ਦੋਹਿਰਾ—

ਬਹੁਤੇ ਕਾਰਨ ਕਰਿ ਜਦੋਂ ਹੋਇ ਜਾਣਕੇ ਕਾਜ।
ਓਸ ਸਮੁੱਚੇ ਆਖਦੀ 'ਕੇਹਰਿ' ਕਵੀ ਸਮਾਜ ॥੧੦੪॥

ਬੰਨਗੀ

ਦੋਹਿਰਾ—

ਸੁਭ ਕੁਲ ਜਨਮ ਧਨਾਢ ਹੋ ਨਾਮ ਰਸਿਕ ਵਿਦ੍ਵਾਨ।
ਗੁਰਿ ਸਰਣਾਗਤਿ ਸਿਖ ਜੋ ਜੀਵਨ ਮੁਕਤਿ ਪਛਾਨ ॥੧੦੫॥

ਤਿਲਕ—'ਸੁਭ ਕੁਲ ਜਨਮ' ਆਦਿਕ ੭ ਪਦਾਰਥਾਂ ਦੇ ਯੋਗ ਤੋਂ ਜੀਵਣ ਮੁਕਤਿ ਰੂਪ ਕਾਰਜ ਹੋਯਾ।

'ਸਮਾਧੀ' ਅਲੰਕਾਰ ਵਿਚ ਤਾਂ ਕਈ ਕਾਰਣਾਂ ਦੇ ਹੁੰਦਿਆਂ ਕੋਈ ਇਕ ਕਾਰਣ ਅਚਾਣਕ' ਆਕੇ ਕਾਜ ਕਰਦਾ ਹੈ ਇਸ ਲਈ ਇਹ ਉਸ ਤੋਂ ਭਿੰਨ ਹੈ।

## ੨. ਸਮਾਧੀ ਅਲੰਕਾਰ ਲੱਛਣ

ਦੋਹਿਰਾ—

ਇਕ ਕਰਤਾ ਦੇ ਹੁੰਦਿਆਂ ਹੋਰ ਅਚਾਣਕ ਆਇ।
ਛੇਤੀ ਕਰਦੇ ਕਾਜ ਜਦ ਜਾਣ 'ਸਮਾਧੀ' ਸਾਇ ॥੧੦੬॥

. Sri Satguru Jagjit Singh Ji eLibrary NamdhariElibrary@gmail.com .

## ਬੰਨਗੀ

ਦੋਹਿਰਾ—

ਰਾਜਨ ! ਤੇਰੀ ਲੱਛਮੀ ਅਵਰ ਪ੍ਰਤਾਪ ੧ਦਿਗੰਤ ।
ਦੇਖੀ ਜਦੋਂ ਉਦਾਰਤਾ ਮਹਿਮਾ ਵਧੀ ਬਿਅੰਤ ॥੧੦੭॥

## ੩. 'ਵਿਰੋਧਾਲੰਕਾਰ' ਲੱਛਣ

ਦੋਹਿਰਾ—

ਦ੍ਰਵ੍ਯ ਆਦਿਕ ਜਦ ਪਰਸਪਰ ਹੋਣ ਵਿਰੁਧ ਪ੍ਰਤੀਤ ।
'ਕੇਹਰਿ' ਭੂਸ਼ਣ ਜਾਣੀਏ ਸੋ ਵਿਰੁਧ ਦਸ ਰੀਤ ॥੧੦੮॥

ਤਿਲਕ—ਦ੍ਰਵ੍ਯ ਦ੍ਰਵ੍ਯ ਤੋਂ, ਜਾਤੀ ਜਾਤੀ ਤੋਂ, ਜਾਤੀ ਗੁਣ ਤੋਂ ਜਾਤੀ ਕ੍ਰਿਯਾ ਤੋਂ ਜਾਤੀ ਦ੍ਰਵ੍ਯ ਤੋਂ, ਗੁਣ ਗੁਣ ਤੋਂ, ਗੁਣ ਕ੍ਰਿਯਾ ਤੋਂ ਗੁਣ ਦ੍ਰਵ੍ਯ ਤੋਂ ਕ੍ਰਿਯਾ ਕ੍ਰਿਯਾ ਤੋਂ ਕ੍ਰਿਆ ਦ੍ਰਵ੍ਯ ਤੋਂ ਵਿਰੁਧ ਇਹ ੧੦ ਭੇਦ ।

## ਬੰਨਗੀ ਦ੍ਰਵ੍ਯ ਤੋਂ ਗੁਣ ਵਿਰੁਧ

ਦੋਹਿਰਾ—

ਸ਼ੇਰ ਸੂਰਮੇ ਦੁਸ਼ਟ ਦਲ ਹਾਥੀ ਸੈਲ ਹਠੀਨ ।
ਸ੍ਰੀ ਦਸ਼ਮੇਸ਼ ਪ੍ਰਤਾਪ ਤੇ ਢਲਕੇ ਰਲੇ ਜ਼ਮੀਨ ॥੧੦੯॥

ਤਿਲਕ—ਸ਼ੇਰ ਆਦੀ ਦ੍ਰਵ੍ਯ ਤੋਂ ਢਲਣਾ (ਦ੍ਰਵਤ੍ਰ) ਗੁਣ ਵਿਰੋਧ ।

---

੧ਦਿਸਾਵਾਂ ਦੇ ਅੰਤ ਤਕ ।

Sri Satguru Jagjit Singh Ji eLibrary NamdhariElibrary@gmail.com

## ਬੰਨਗੀ ਜਾਤੀ ਤੋਂ ਕ੍ਰਿਯਾ ਵਿਰੁਧ

ਦੋਹਿਰਾ—

ਅਚਰਜ ਹੈ ਗਤਿ ਕਰਮ ਦੀ ਕਹਿਣ ਬਣੇ ਨਾ ਬੈਣ।
ਦੁਸ਼ਟ ਅਜਾਮਲ ਕੰਚਨੀ ਸੇਵਣ ਚਰਣ ਨਰੈਣ ॥੧੧੦॥

## ਬੰਨਗੀ ਕ੍ਰਿਯਾਂ ਤੋਂ ਗੁਣ ਵਿਰੁਧ

ਦੋਹਿਰਾ—

'ਕੇਹਰਿ' ਸ੍ਰੀ ਦਸ਼ਮੇਸ਼ ਦੀ ਕੌਤਕ ਕਰੇ ਕ੍ਰਿਪਾਣ।
ਲਖ ਸਿਰ ਕੱਟੇ ਨਿੱਤ ਹੀ ਨਿਰੀ ਮੁਕਤਿ ਦੀ ਖਾਣ ॥੧੧੧॥

ਤਿਲਕ—'ਸਿਰ ਕੱਟਣ' ਰੂਪ ਕ੍ਰਿਯਾ ਦਾ ਗੁਣ (ਫਲ) ਮੁਕਤੀ ਉਸ ਤੋਂ ਵਿਰੁਧ ਕਹੀ।

## ੪. ਆਛੇਪਾਲੰਕਾਰ ਲੱਛਣ

ਦੋਹਿਰਾ—

ਆਪਣੀ ਆਖੀ ਬਾਤ ਤੇ 'ਕੇਹਰਿ' ਉਲਟ ਬਖਾਨ।
ਮੁਕਰਕੇ ਦ੍ਰਿੜ੍ਹ ਕੀਜੀਏ ਸੋ ਆਛੇਪ ਪਛਾਨ ॥੧੧੨॥

## ਬੰਨਗੀ

ਦੋਹਿਰਾ—

ਸਤਿਗੁਰਿ ! ਮੈਂ ਅਰਦਾਸੀਆ ਗੋਲਾ ਕਰੇ ਹਜ਼ੂਰ।
ਗੋਲਾ ਕਿਹਾ ਸੁ ਭੁੱਲਕੇ ਕਰੋ ਗੋਲਿਆਂ ਧੂੜ ॥੧੧੩॥

ਤਿਲਕ—ਗੋਲਾ ਬਣਨ ਤੋਂ ਮੁਕਰਕੇ ਨਿਮ੍ਰਤਾ ਦ੍ਰਿੜ੍ਹਨ ਲਈ ਧੂੜ ਹੋਣ ਦੀ ਅਰਦਾਸ ਕੀਤੀ।

Sri Satguru Jagjit Singh Ji eLibrary NamdhariElibrary@gmail.com

## ੫. ਪ੍ਰਜਾਯੋਕਤੀਅਲੰਕਾਰ ਲੱਛਣ ਅਤੇ ਬੰਨਗੀ

ਦੋਹਿਰਾ—

ੋਰ ਹੋਰ ਹੀ ਆਖੀਏ ਰੀਤ ਵਿਲੱਖਣ ਨਾਲ।
ਸੂਰਜ ਪੁੱਤਰ ਮਾਰਦੇ ਮਾਤਾ ਗੁਜਰੀ ਲਾਲ ॥੧੧੪॥

ਤਿਲਕ—ਕਾਲ ਨੂੰ ਸੂਰਜ ਪੁੱਤ੍ਰ ਅਤੇ ਸ੍ਰੀ ਗੁਰੂ ਦਸ਼ਮੇਸ਼ ਜੀ ਨੂੰ ਮਾਤਾ ਗੁਜਰੀ ਜੀ ਦੇ ਲਾਲ ਕਿਹਾ ਸੋ ਪ੍ਰਜਾਯਤਾ ਵਿਚ ਅਲੰਕਾਰ।

## ੬. ਵਿਕਲਪਾਲੰਕਾਰ ਲੱਛਣ

ਦੋਹਿਰਾ—

ਤੁੱਲਯ ਬਲੀ ਦੋ ਵਸਤੂ ਦਾ ਇੱਕੇ ਕਾਲ ਵਿਰੋਧ।
ਭੂਸ਼ਣ ਜਾਣ ਵਿਕਲਪ ਸੋ੧ਨਹੀਂ ਵਿਕਲਪੀ ਬੋਧ ॥੧੧੫॥

### ਬੰਨਗੀ

ਦੋਹਿਰਾ—

ਸਤਿਗੁਰਿ ! ਦੇਵੇ ਹੁਕਮ ਹੁਣ ਦੇਵਾਂ ਹਿੰਦ ਬਸਾਇ।
ਅਥਵਾ ਤੇਰੇ ਦੇਸ ਵਿਚ ਬਸਾਂ ਤੁਰਤ ਮੈਂ ਜਾਇ ॥੧੧੬॥

ਤਿਲਕ—ਜਾਂ ਤਾਂ ਹਿੰਦ ਬਸਾਈ ਯਾ ਸ਼ਹੀਦ ਹੋਕੇ ਆਪ ਦੇ ਦੇਸ ਹੀ ਜਾ ਬਸਿਆ ਇਹ ਕਿਸੇ ਸ਼ਹੀਦ ਦਾ ਕਥਨ ਹੈ।

## ੭. ਅਪ੍ਰਸਤੁਤ ਪ੍ਰਸੰਸਾ ਅਲੰਕਾਰ ਲੱਛਣ

ਦੋਹਿਰਾ—

ਅਣਲੋੜੀਂਦੇ ਕਥਨ ਤੋਂ ਲੋੜੀਂਦਾ ਹੋ ਭਾਨ।
ਰਹੇ ੨ਵਾਚਯ ਦਾ ਧਿਆਨ ਭੀ ਸੋ ੩ਅਪ੍ਰਸਤੁਤ ਜਾਨ ॥੧੧੭॥

---

੧ਚਮਤਿਕਾਰ ਰਹਿਤ 'ਵਿਕਲਪ ਮਾਤ੍ਰ ਅਲੰਕਾਰ ਨਹੀਂ'। ੨ਜੇ ਵਾਚਯਾਰਥ ਦਾ ਧਿਆਨ ਨ ਕਿਹਾ ਜਾਵੇ ਤਾਂ ਵਯੰਗ ਬਣ ਜਾਵੇ। ੩ਅਪ੍ਰਸਤੁਤ ਪ੍ਰਸੰਸਾ ਸਮਝਣੀ।

Sri Satguru Jagjit Singh Ji eLibrary NamdhariElibrary@gmail.com

# ਬੰਨਗੀ

ਕਬਿੱਤ--ਧਨ ਸੁੰਦਰਾਈ ਠਕਰਾਈ ਰਹੀ ਹਿੰਦੂਆਂ ਦੀ ਸੁੰਦਰ ੧ਲੁਗਾਈ ਉੱਚੇ ਮੰਦਰ ਮਹਿਲ ਹੈਂ। ਰਾਜ ਅੰਗ ਜੇਹੋ ਰਿਹਾ ਰੌਣਕ ਰਮਾਇ ਹਿੰਦ ਇੱਕ ਥਾਂ ਬਿਰਾਜ ਰਹੇ ਅਗਨੀ ਤੇ ਜਲ ਹੈਂ। ਆਰਯ ਸਮਾਜ, ਦੇਵ ਬ੍ਰਹਮੂ ਤੇ ਸਨਾਤਨ ਜੁ ਫਕੜ ਵੇਦਾਂਤੀ ਕੋਈ ਬਾਂਗਰੂ ਮਚੱਲ ਹੈਂ। ਖੁੱਲ੍ਹ ਤੇ ਕਲੋਲ ਮਲੋ ਸਭਯਤਾ 'ਕੇਹਰਿ' ਕਵਿ ਸਭ ਗੁਰੂ ਦਸਮੇਸ਼ ਦੀ ਕ੍ਰਿਪਾ ਦੇ ਫਲ ਹੈਂ ॥੧੧੯॥

ਤਿਲਕ-ਹਿੰਦੂਆਂ ਦਾ ਬਚਾਓ ਆਦੀ ਕਾਰਜ, ਇਨ੍ਹਾਂ ਤੋਂ ਗੁਰੂ ਦਸਮੇਸ ਜੀ ਦੇ ਯੁੱਧ ਆਦਕ ਕਾਰਣ ਫੁਰਦੇ ਹਨ, ਇਸ ਲਈ ਕਾਰਯ ਤੋਂ ਕਾਰਣ ਪ੍ਰਸਤੁਤ। ਇਹਦੇ ਹੋਰ ਭੇਦ 'ਕਾਰਣ' ਤੋਂ ਕਾਰਯ 'ਪ੍ਰਸਤੁਤ' 'ਸਾਮਾਨਯ' ਤੋਂ ਵਿਸ਼ੇਸ਼ ਪ੍ਰਸਤੁਤ ਆਦੀ ਭੀ ਹਨ।

ਮੁਦ੍ਰਾਲੰਕਾਰ ਵਿਚ ਪ੍ਰਸਤੁਤ ਅਤੇ ਅਪ੍ਰਸਤੁਤ ਦਾ ਕੋਈ ਨਿਯਮ ਨਹੀਂ, ਕੇਵਲ ਕਿਸੇ ਪਦ ਯਾ ਪਦਾਰਥ ਤੋਂ ਕੋਈ ਵਸਤੂ ਇਸ ਪ੍ਰਕਾਰ ਸੂਚਿਤ ਕੀਤੀ ਜਾਂਦੀ ਹੈ, ਜਿਸ ਤਰਾਂ ਮੋਹਰ ਯਾ ਦਸਤਖਤ ਤੋਂ ਉਸਦੇ ਕਰਨਹਾਰ ਦੀ ਪਛਾਣ ਹੋਵੇ। ਇਸ ਲਈ ਭੇਦ ਹੈ।

---

੧ਇਸਤ੍ਰੀ।

## ੮. 'ਸਮਾਸੋਕਤੀ ਅਲੰਕਾਰ' ਲੱਛਣ

ਦੋਹਿਰਾ—

ਜਬ ਲੋੜੀਂਦੇ ਕਥਨ ਤੋਂ ਲੋੜ ਬਿਨਾਂ, ਫੁਰ ਜਾਇ।
ਕਹਿਣ ਸਮਾਸੋਕਤਿ ਸਹੀ 'ਕੇਹਰਿ' ਸਭ ਕਵਿ ਰਾਇ ॥੧੧੯॥

### ਵੰਨਗੀ

ਦੋਹਿਰਾ—

ਕਾਗ ਲਵੇ ਸਿਰ ਜਾਸਦੇ ਪੰਖੀ ਕੇਲ ਕਰੇਇ।
ਅਚਰਜ ਹੈ ਉਨਮਾਦ ਗਤਿ ਮੂਲ ਨਹੀਂ ਸੁਧ ਲੇਇ ॥੧੨੦॥

ਤਿਲਕ—ਕਾਗ ਤੇ ਪੰਖੀ ਆਦਿ ਪ੍ਰਸਤੁਤਾਂ ਤੋਂ ਕਾਲ ਅਤੇ ਜੀਵ ਆਦਿ ਅਪ੍ਰਸਤੁਤਾ ਦਾ ਬ੍ਰਿਤਾਂਤ ਫੁਰਦਾ ਹੈ।

## ੯. ਉਸਤੁਤ ਵਿਆਜਾਦੀ ਅਲੰਕਾਰ ਲੱਛਣ

ਦੋਹਿਰਾ—

ਖੰਡਨ ਆਦਿਕ ਆਸਰੇ ਮੰਡਨ ਆਦਿ ਸਜਾਇ।
ਬਿਆਜ ਉਸਤਤੀ ਆਦਿ ਸੋ ਚਾਰ ਪ੍ਰਕਾਰ ਸੁਭਾਇ ॥੧੨੧॥

### ਖੰਡਨ ਆਸ੍ਰੇ ਮੰਡਨ ਦੀ ਵੰਨਗੀ

ਦੋਹਿਰਾ—

ਚਤੁਰ ਬੜਾ ਕਰਤਾਰ ਭੀ ਅਕਸਰ ਜਾਵੇ ਉੱਕ।
ਅਤੀ ਨਿਮਾਣੇ ਜਗਤ ਜੋ ਗੋਦੀ ਲੈਂਦਾ ਚੁਕ ॥੧੨੨॥

ਤਿਲਕ—ਖੰਡਨ ਦੇ ਆਸਰੇ ਕਰਤਾਰ ਦੀ ਭਗਤ ਵਤਸਲਤਾ ਦਾ ਮੰਡਨ।

Sri Satguru Jagjit Singh Ji eLibrary NamdhariElibrary@gmail.com

## ਬੰਨਗੀ ਮੰਡਨ ਆਸਰੇ ਖੰਡਨ

ਕਬਿੱਤ—ਮੇਹਰ ਭਲਾਈ ਕੀਤੀ ਪਿਤਾ ਅਰ ਭਾਈ ਨਾਲ ਛੋਟੇ ਬੜੇ ਸਭ ਵਯਾਹੇ ਵਰੇ ਬਲਹਾਰੇ ਤੈਂ। ਜ਼ੋਰ ਕਰਿ ਜੁਧ ਜਿਤੇ ਰਾਜੇ ਸਭ ਦੁਨੀਆਂ ਦੇ ਰਾਜਪੂਤ ਮੁਹਿਟੇ ਭੀ ਨਿਵਾਏ ਠੀਕ ਸਾਰੇ ਤੈਂ। ਤੂੰ ਤਾਂ ਨਜ਼ਾਇਕਾਰੀ ਸਾਰੀ ਗਾਂਵਦੀ ਹੈ ਲੋਕੀ ਜਸ ਨਾਲੇ ਝਾੜ ਝਾੜ 'ਚਿ ਮੁਸਲੱਮ ਪਸਾਰੇ ਤੈਂ। ਗੁਰੂ ਤੈਂ ਬੁਰਾਈ ਖੱਟ ਮਿਲੂਗੀ ਵਧਾਈ ਬਾਪ! ਅੱਗੇ ਜੋ 'ਕੇਹਰ' ਸਭ ਕਾਰਜ ਸਵਾਰੇ ਤੈਂ ॥੧੨੩॥

ਤਿਲਕ—ਇਹ ਕਥਨ ਔਰੰਗਜ਼ੇਬ ਪ੍ਰਤਿ ਉਹਦੀ ਲੜਕੀ ਜ਼ੇਬੁਨਿਸਾ ਦਾ ਹੈ। ਜੋ ਉਪਮਾ ਮਯ ਵਾਕ ਹੈ ਸੋਈ ਖੰਡਨ ਸੂਚਕ ਹੈ।

## ੧੦. 'ਪਰਿਸੰਖਿਆ ਅਲੰਕਾਰ' ਲੱਛਨ

ਦੋਹਿਰਾ—

ਪੁੱਛ ਅਪੁਛੇ ਕਥਨ ਤੋਂ ਦੂਜੀ ਵਸਤੂ ਸਮਾਨ।
ਸ਼ਬਦ ਅਰਥ ਕਰ ਵਰਜੀਏ ਸੋ ਪਰਿਸੰਖਿਆ ਜਾਨ।੧੨੪॥

ਭਾਵ—ਪ੍ਰਸ਼ਨ ਯਾ ਅਪ੍ਰਸ਼ਨ ਦੁਆਰਾ ਦੂਜੀ ਸਮਾਨ ਵਸਤੂ ਨੂੰ ਸ਼ਬਦ ਯਾ ਅਰਥ ਕਰਕੇ ਵਰਜੀਏ ਸੋ ਪਰਿਸੰਖਿਆ ਹੈ। ਇਹ ੪ ਤਰਾਂ ਦੀ ਹੈ ਬੰਨਗੀ, ਅਰਥ ਦੁਆਰਾ ਅਪ੍ਰਸ਼ਨ ਪੂਰਬਕ ਵਰਜਾਣਾ।

ਕਬਿੱਤ—ਨਾਵਣੇ ਨੂੰ ਤੇਰੇ ਸੁਖ ਸਾਗਰ ਸਨਾਨ ਕਰਾਂ ਧੋਵਨਾ ਜੇ ਪਵੇ ਤੇਰੇ ਚਰਨ ਪਖਾਰਣੇ। ਦੇਖਣੇ ਨੂੰ ਦਿਸੇ ਵਾਹੁ ਵਾਹੁ ਹੀ ਸਰੂਪ ਤੇਰਾ ਜਾਵਣਾ ਜੇ ਪਵੇ ਤਦੋਂ ਬਲਹਾਰਣੇ।

Sri Satguru Jagjit Singh Ji eLibrary NamdhariElibrary@gmail.com

ਕਰਨੇ ਨੂੰ ਕਰਾਂ ਸੁ ਵੇਸਾਹੁ ਦਸ਼ਮੇਸ਼ ਤੇਰਾ ਲੱਗਣੇ ਨੂੰ ਲੱਗਾਂ ਜਸ ਤੇਰਾ ਵਿਸਤਾਰਣੇ। ਸੁਣਨੇ ਨੂੰ ਤੇਰੇ ਹੀ ਹੁਕਮ ਕਵਿ 'ਕੇਹਰਿ' ਸੁ ਬੋਲਣਾ ਜੇ ਕਦੇ ਉਪਕਾਰ ਹੀ ਉਚਾਰਣੇ ॥੧੨੭॥

ਤਿਲਕ—ਜੇ "ਨ੍ਹਾਵਣਾ ਹੋਵੇ ਤਾਂ ਤੇਰੇ ਸੁਖ ਸਾਗਰ ਵਿਚ ਹੀ ਨ੍ਹਾਵਾਂ ਹੋਰਥੇ ਨਹੀਂ" ਇਤਯਾਦੀ ਸਮਾਨ ਵਸਤੂਆਂ (ਤੀਰਥ ਸਨਾਨ ਆਦਿ) ਨੂੰ ਅਰਥ ਦੁਆਰਾ ਵਰਜਿਆ।

## ੧੧. 'ਪਰਿਕਰਾਲੰਕਾਰ' ਲੱਛਣ

ਦੋਹਿਰਾ—

ਜਦੋਂ ਵਿਸ਼ੇਸ਼ ਵਿਸ਼ੇਸ਼ਣਾਂ ਨਾਮ ਸਫਲ ਹੋ ਜਾਣ।
ਬਿਰਥਾ ਨ ਹੋ ਬਿਨ ਅਰਥ ਦੇ ਪਰਿ ਕਰ ਸੋਇ ਪਛਾਣ ॥੧੨੮॥

## ਪਹਿਲੀ ਵਿਸ਼ੇਸ਼ ਸਫਲ ਦੀ

ਦੋਹਿਰਾ

ਸਤਿਗੁਰਿ ਨਾਨਕ ਅੰਗ ਤੇ ਸ੍ਰੀ ਗੁਰੂ ਅੰਗਦ ਮਾਨ।
ਅੰਗ ਦੇਣ ਖਲ ਪਿੰਗਲਾਂ ਸਦਾ ਬੰਦਨਾ ਜਾਨ ॥੧੨੯॥

ਤਿਲਕ—'ਅੰਗ ਤੋਂ ਹੋਏ' ਅਥਵਾ 'ਅੰਗ ਦਾਤੇ' ਹੋਣ ਕਰਕੇ "ਸ੍ਰੀ ਅੰਗਦ" ਕਿਹਾ। ਤਾਂਤੇ ਵਿਸ਼ੇਸ਼ ਸਫਲ।

## ਦੂਸਰੀ ਵਿਸ਼ੇਸ਼ਣ ਸਫਲ

ਕਬਿੱਤ—ਖੰਡੇ ਧਾਰ ਸਤਿਗੁਰਿ ਖੰਡਨ ਪਾਖੰਡ ਲਾਈਂ ਚੱਕਰ ਰੱਖਿ ਰੱਖਿਆ ਹੈ ਜਿਤ ਤਿੰਨ ਲੋਕ ਨੂੰ। ਕਲਗੀ ਨੂੰ ਧਾਰ ਖਰੇ ਖੋਟੇ ਦਾ ਨਿਆਉਂ ਕਰੇਂ ਫੌਜਾਂ ਨਾਲ ਤੋੜਦੇ ਹੋ ਬੰਦੀਆਂ ਦੀ ਰੋਕ ਨੂੰ। ਕਾਮ ਕ੍ਰੋਧ ਮਾਰਨੇ ਨੂੰ ਤੀਰ ਤੇ ਕਮਾਣ ਫੜੇ ਹੱਥ ਵਿਚ ਬਾਜ ਹੈ ਡਰੌਣ ਲਈ ਸ਼ੋਕ ਨੂੰ। ਤਾਕੀ

ਹੁਸ਼ਿਆਰ ਤੇ ਸਵਾਰ ਕਵਿ 'ਕੇਹਰਿ' ਸੁ ਮਗਰ ਲਗਾਇਕੇ ਲੰਘੌਣ ਡਰਪੋਕ ਨੂੰ ॥੧੩੦॥

ਤਿਲਕ–ਪਖੰਡ ਨੂੰ ਖੰਡਨਹਾਰ ਆਦਿਕ ਹੋਣ ਕਰਕੇ ਖੰਡੇ ਆਦਿ ਸਫਲ ਹੋਏ।

## ੧੨. ੧ਵਟਾਂਦਰਾਲੰਕਾਰ ਲੱਛਨ

ਦੋਹਿਰਾ–

ਉੱਤਮ ਅਰ ਨਜੂਨ ਆਦਿ ਦਾ ਵੱਟਾ ਸੱਟਾ ਹੋਇ।
ਚਾਰ ਭਾਂਤ ਦਾ ਜਾਨੀਏ ਇਹ ਵਟਾਂਦਰਾ ਸੋਇ ॥੧੩੧॥

ਤਿਲਕ–ਉੱਤਮ ਵੱਟੇ ਉੱਤਮ ਅਤੇ ਨਜੂਨ ਵੱਟੇ ਨਜੂਨ, ਦੇਣੇ ਅਤੇ ਲੈਣੇ, ਚਾਰ ਭੇਦ।

### ਬੈਨਗੀ ਨਜੂਨ ਦੇਕੇ ਉੱਤਮ ਲੈਣਾ

ਕਬਿੱਤ–ਮਰੇ ਨਰ ਨਾਰ ਧਨ ਧਰਮ ਉਡਾਰ ਹੋਏ ਉੱਠਿਆ ਭਰੋਸਾ ਮਹਾਂ ਦੇਵ ਤੇ ਗਣੇਸ਼ ਦਾ। ਅੰਨ, ਸ਼ਾਮ, ੨ਧਾਮ, ਗ੍ਰਾਮ, ਸਭ ਉਪਰਾਮ ਹੋਏ ਸੜੀ ਤੇੜ ਧੋਤੀ ਮੱਥੇ ਟਿੱਕਾ ਜੋ ਕਲੇਸ਼ ਦਾ। ਦੁਖੀ ਕਸ਼ਮੀਰੋਂ ਚਲ ਅਪੜੇ ਅਨੰਦ ਪੁਰਿ ਸੁਣਕੇ ਪ੍ਰਤਾਪ ਗੁਰੂ ਨਾਨਕ ਦੇ ੩ਵੇਸ਼ ਦਾ। ਕਪਟ ਭੰਡਾਰ ਦੇਹੀ ਭਾਰ ਕਵਿ 'ਕੇਹਰਿ' ਸੁ ਪਾਯਾ ਗੁਰੂ ਤੁੱਠਿਆਂ ਤੇ ਜੀਵਨ ਹਮੇਸ਼ ਦਾ ॥੧੩੨॥

ਤਿਲਕ–ਨਿਕੰਮੇ ਸ਼ਰੀਰ ਵੱਟੇ ਉੱਤਮ 'ਹਮੇਸ਼ ਦਾ ਜੀਵਨ' ਪਾਇਆ।

---

੧ਇਹਦਾ ਹੋਰ ਨਾਉਂ ਪਰਿਵਿਰਤ ਭੀ ਹੈ।
੨ਆਸਰਾ। ੩ਸਰੂਪ।

Sri Satguru Jagjit Singh Ji eLibrary NamdhariElibrary@gmail.com

## ੧੩. ਵਿਚਿੱਤ੍ਰਾਲੰਕਾਰ ਲੱਛਣ

ਦੋਹਿਰਾ—

ਕਿਸੇ ਕਰਮ ਦੇ ਕਰਨ ਦੀ ਕ੍ਰਿਯਾ ਜੋਇ ਪ੍ਰਮਾਣ।
ਉਲਟੀ ਇੱਛਾ ਉਸ ਤੇ ਸੋਈ ਵਿਚਿੱਤਰ ਜਾਨ ॥੧੩੩॥

### ਬੰਨਗੀ

ਕਬਿੱਤ—ਸੁੰਦਰ ਸਿੰਘਾਸਨ ਤੇ ਆਸਨ ਡਟਾਇ ਗੁਰੂ ਸੀਸ ਦੇਵੋ ਆਖਦੇ ਖੜਗ ਲਸ਼ਕਾਰਕੇ। ਪੰਜ ਹੀ ਪਿਆਰੇ ਸੂਰੇ ਹੋ ਗਏ ਤਿਆਰ ਛੱਟ ਬਾਸ਼ਨ ਜਗਤ ਕੰਜ ਕਾਇਰੀ ਉਤਾਰਕੇ। ਟੇਕ ਬਿਨ ਸ਼ੋਕ ਬਿਨ ਕਪਟ ਦੀ ਰੋਕ ਬਿਨ ਮੋਹ ਤੇ ਭਰਮ, ਸੁਖ ਸਹਿਜੇ ਧਿਕਾਰਕੇ। ਕਹੇ ਕਵਿ 'ਕੇਹਰਿ' ਚਾਹੁਣ ਕੁਰਬਾਨ ਹੋਣਾ ਜੀਵਣ ਹਮੇਸ਼ ਆਸਾ ਚਿੱਤ ਮੇਂ ਵਿਚਾਰਕੇ ॥੧੩੪॥

ਤਿਲਕ—ਹਮੇਸ਼ ਦੇ ਜੀਵਨ ਲਈ ਕੁਰਬਾਨ ਹੋਣ ਦੀ ਅਭਿਲਾਖਾ ਰੂਪ ਵਿਚਿੱਤ੍ਰਤਾ।

## ੧੪. 'ਸਹੋਕਤੀ ਅਲੰਕਾਰ' ਲੱਛਣ

ਦੋਹਿਰਾ—

ਇੱਕ ਵਸਤੁ ਪਰਧਾਨ ਦੇ ਹੋਰ ਵਸਤੁ ਭੀ ਨਾਲ।
ਚਮਤਿਕਾਰ ਕਰਿ ਔਣ ਜਦ ਤਿਸੇ ਸਹੋਕਤਿ ਭਾਲ ॥੧੩੫॥

### ਬੰਨਗੀ

ਕਬਿੱਤ—੧ਆਣਿਆਂ ਜਗੀਰ ਅਰੁ ਧੀਰਜ ਉਪਾਹਣਾਂ

---

੧ਕਿਸੇ ਰਾਜਕੁਮਾਰ ਦੇ ਜਨਮ ਸਮਯ ਦਾ ਕਬਿੱਤ।

ਨੂੰ ਦੁਖੀਆਂ ਦਰਦ ਮੰਦਾਂ ਦਿਵਸ ਬਹਾਰ ਕੇ। ਪੰਥਕ ਸਥਾਨਾਂ ਸਨਮਾਨ ਤੇ ਨਿਸ਼ਾਨਾਂ ਸ਼ਾਨ ਰਸੀਆਂ ਨੂੰ ਰਸ ਸਿੱਖਾਂ ਸੋਮੇ ਪਰਚਾਰ ਕੇ। ਗੁਣੀਆਂ ਪ੍ਰਸੰਨਤਾ ਤੇ ਮੰਨਤਾ 'ਕੇਹਰਿ' ਕਵਿ ਕਵੀਆਂ ਵਿਕਾਸ਼ ਕਾਲ ਕਾਵਜਨ ਉਭਾਰਕੇ। ਆਨੰਦ ਭੰਡਾਰ ਸਾਰ ਜਗ ਨੂੰ ਸ਼ਿੰਗਾਰ ਸੁਖ ਸਾਥ ਹੀ ਥਿਆਏ ਮਹਾਰਾਜਨ ਕੁਮਾਰ ਕੇ ॥੧੩੬॥ ਤਿਲਕ—ਸੋਹਕਤੀ ਮਾਲਾ ਹੈ।

## ੧੫. ਵਿਨੋਕਤੀਅਲੰਕਾਰ ਲੱਛਣ

ਦੋਹਿਰਾ—

ਸੁੰਦਰ ਅਤੇ ਕੁਸੋਹਣੀ ਹੋਰ ਵਸਤੁ ਬਿਨ ਹੋਰ।
ਤਿਸੇ ਵਿਨੋਕਤਿ ਆਖਦੇ ਕਵਿ ਜਨ ਜੋ ਚਿਤ ਚੋਰ ॥੧੩੭॥

ਕਬਿੱਤ—ਸੂਰਾ ਬਿਨ ਰੋਗ ਦੇ ਸੁ ਰਾਗੀ ਬਿਨ ਸੋਗ ਦੇ ਵਿਰਾਗੀ ਬਿਨਾ ਭੋਗ ਜੋ ਤ੍ਰਲੋਕੀ ਜਸ ਗਾਉਂਦੀ। ਤਪੀਆ ਪਖੰਡ ਬਿਨਾਂ ਦਾਤਾ ਹੋਵੇ ਦੰਭ ਬਿਨਾ ਪੇਲੀ ਸੋ ੧ਕਰੰਡ ਬਿਨਾਂ ਤੁਈਆਂ ਖਿੜਾਉਂਦੀ। ਆਗੀ ਬਿਨ ਡਾਲੀ ਉਪਕਾਰੀ ਮਾਨ੨ਦਾਰੀ ਬਿਨ, ਬਿਨਾਂ ਫੈਲਕਾਰੀ ਦੇ ਕੁਮਾਰੀ ਜੱਗ ਭਾਉਂਦੀ। ਭੂਸ਼ਣੀ ਬਿਹੀਨ ਪਰਬੀਨ ਕਵਿ 'ਕੇਹਰਿ' ਸੁ ਦੂਸ਼ਨ ਬਿਹੀਨ ਕਾਵਜ ਕਾਮਨੀ ਸੁਹਾਉਂਦੀ ॥੧੩੮॥

ਤਿਲਕ—ਸੂਰਾ ਆਦੀ ਰੋਗ ਆਦੀ ਬਿਨਾਂ ਸੋਹਿੰਦੇ ਕਿਹਾ, ਸੋ ਸ਼ੋਭਨ ਦੀ ਬੰਨਗੀ, ਕੁਸੋਭਨ ਦੀ ਛੱਡ ਦਿਤੀ ਹੈ।

---

੧ਬੀਜ ਹਰਾ ਹੋਣ ਤੋਂ ਅਗੋਂ ਥੋੜੀਆਂ ਕਣੀਆਂ ਨਾਲ ਧਰਤੀ ਆਠਰ ਜਾਂਦੀ ਹੈ ਉਸ ਵਿਚਲੀ ਪੇਲੀ ਨੂੰ ਕਰੰਡੀ ਹੋਈ ਕਹਿੰਦੇ ਹਨ। ੨ਦੀਨਤਾ।

. Sri Satguru Jagjit Singh Ji eLibrary NamdhariElibrary@gmail.com .

## ੧੬. ਪ੍ਰਤਿਖੇਧਾ'ਲੰਕਾਰ ਲੱਛਣ

ਦੋਹਿਰਾ—

ਇਕ ਵਸਤੂ ਨੂੰ ਖੰਡਕੇ ਦੂਜੀ ਮੰਡਨ ਕਾਜ।
ਮਿਹਣਾ ਫੁਰੇ ਸੁ ਆਖਦੇ ਕਵਿ ਪ੍ਰਤਿਖੇਧਹ ਸਾਜ ॥੧੩੯॥

ਬੰਨਗੀ

ਕਬਿਤ—ਮ੍ਰੋਟ੍ਹਿਆਂ ਦਾ ਯੁਧ ਨਹੀਂ ਕੈਦ ਸ਼੍ਹਾਜਹਾਨ ਦੀ ਨਾ ਦਾਰਾ ਦੀ ਪਛਾੜ ਨਾ ਵਗਾਹਣ ਹੈ ਬਲੀ ਦਾ। ਬਾਲਕਾਂ ਦੀ ਖੇਲ ਤੇ ਬਗੀਚਿਆਂ ਦੀ ਕੇਲ ਨਹੀਂ ਤੋੜਨੀ ਰਮੇਲ ਨ ਤਮਾਸ਼ਾ ਕੋਈ ਛਲੀਦਾ। ਕਹ ਕਵਿ 'ਕੇਹਰਿ' ਕਰੋਧ ਨਹੀਂ ਕਾਫਰਾਂ ਤੇ ਮੰਦਰ ਜਨੇਊ ਨਹੀਂ ਫੂਕਣਾ ਏ ਬਲੀਦਾ। ਹੋਜਾ ਹੁਸ਼ਿਆਰ ਨ੍ਰਿਪ ਡੁਬਦਾ ਪ੍ਰਵਾਰ ਸਣੇ ਦੇਖ ਤੂੰ ਪ੍ਰਭਾਵ ਦਸ਼ਮੇਸ਼ ਮਹਾਂ ਬਲੀ ਦਾ ॥੧੪੦

# ਚੌਥਾ ਤਰੰਗ

## ੧. ਉੱਲਾਸਾ ਅਲੰਕਾਰ ਲੱਛਣ

ਦੋਹਿਰਾ—

ਹੋਰਾਂ ਦੇ ਸੁਖ ਦੁੱਖ ਤੇ ਦੁਖ ਸੁਖ ਆਦਿਕ ਜੋਇ।
ਹੋਇ ਧਿਙਾਣੇ ਹੋਰ ਨੂੰ ਕਹਿ ਉੱਲਾਸਾ ਸੋਇ ॥੧੪੧॥

ਬੰਨਗੀ

ਤਿਲਕ—ਹੋਰ ਦੇ ਦੁਖ ਤੇ ਹੋਰ ਨੂੰ ਦੁਖ, ਹੋਰ ਦੇ ਸੁਖ

Sri Satguru Jagjit Singh Ji eLibrary NamdhariElibrary@gmail.com

ਤੇ ਹੋਰ ਨੂੰ ਸੁਖ, ਹੋਰ ਦੇ ਦੁਖ ਤੇ ਹੋਰ ਨੂੰ ਸੁਖ, ਅਤੇ ਹੋਰ ਦੇ ਸੁਖ ਤੇ ਹੋਰ ਨੂੰ ਦੁਖ, ਇਹ ੪ ਭੇਦ।

## ਬੰਨਗੀ ਹੋਰ ਦੇ ਸੁਖ ਤੇ ਹੋਰ ਨੂੰ ਦੁਖ

ਕਬਿਤ–ਇਕ ਬਾਬੇ ਫੂਲ ਤੇ ਅਨੰਤ ਖਿੜੀ ਕੂੰਬਲਾਂ ਨੇ ਬਾੜੀਆਂ ਬਿਅੰਤ ਦਿਖਲੌਣ ਸੁੰਦਰਸਾਜ ਨੂੰ। ਦਿਨੇ ਦੂਣੀ ਰਾਤ ਚੌਣੀ ਛਬਿ ਜੈ ਜੈਕਾਰ ਹੋਵੇ ਝੁਕਦਾ ਮੁਥਾਜ ਜੋ ਸਫਲ ਕਰੇ ਕਾਜ ਨੂੰ। ਦੇਸ਼ ਮੁੱਲ ਮਹਾਰਾਜੇ ਰਾਜਨ ਕੁਮਾਰ ਟਿੱਕੇ ਹੀਰਿਆਂ ਤੋਂ ਅਧਿਕ ਸਜੌਣ ਵਾਲੇ ਤਾਜ ਨੂੰ। ਸ੍ਰੀ ਗੁਰੂ ਦੀ ਥਾਪਨਾ ਪ੍ਰਤਾਪ ਤੇ 'ਕੇਹਰਿ' ਕਵਿ ਵਧੇ ਫੂਲ ਬੰਸ ਹੋਵੇ ੧ਕੰਸ ੨ਦੇਵਰਾਜ ਨੂੰ ॥੧੪੨॥

ਤਿਲਕ–ਫੂਲ ਬੰਸੀਆਂ ਦੇ ਵਾਧੇ ਤੋਂ ਇੰਦ੍ਰ ਨੂੰ ਈਰਖਾ ਰੂਪੀ ਦੁੱਖ ਹੋਯਾ।

## ਬੰਨਗੀ, ਹੋਰ ਦੇ ਸੁਖ ਤੋਂ ਹੋਰ ਨੂੰ ਸੁਖ

ਕਬਿੱਤ–ਕੌਡੀਆਂ ਥਣੀਕ ਜਿਨ੍ਹਾਂ ਧਨ ਦੀ ਉਡੀਕ ਨਾਂ ਸੀ ਜੇੜੇ ਝਾੜ ਝੌਪੜੀ ਲੰਘੌਣ ਵੇਲਾ ਰੋਇਕੇ। ਖਾਇਕੇ ਸਵੇਰੇ ਅੰਨ ਸਾਂਝ ਦਾ ਫਿਕਰ ਫੇਰ ਫਟੇ ਗਲ ਬਸਨ ਸੁ ਬਾਸਨ ਸੀ ਭੋਇਕੇ। ਕਹੇ ਕਵਿ 'ਕੇਹਰਿ' ਸਰੀਰ ਦੀ ਸੁਰਤ ਨਾ ਸੀ ਜਿਨ੍ਹਾਂ ਦਰ ਦਾਰਿਜ਼ ਡਦਰਾਜ਼ ਬੈਠਾ ਹੋਇਕੇ। ਸੋਈ ਮਹਾਰਾਜ ਦਸਮੇਸ਼ ਕੀ ਸੁ ਬੇਸ਼ਤਾ ਤੇ ਹੋਇ ਰਹੇ ਨਰੇਸ਼ ਹੈਂ ਕਲੇਸ਼ ਸਭ ਧੋਇਕੇ ॥੧੪੩॥

---

੧ਤਾਪ। ੨ਇੰਦ੍ਰ। ੩ਲੰਬਾ।

Sri Satguru Jagjit Singh Ji eLibrary NamdhariElibrary@gmail.com

ਤਿਲਕ—ਸ੍ਰੀ ਗੁਰੂ ਜੀ ਦੇ ਦਿੱਬ੍ਯ ਸਰੂਪ ਤੇ ਹੋਰਨਾਂ ਨੂੰ ਭੀ ਲਾਭ।

## ੨. 'ਅਵਗਿਆਲੰਕਾਰ' ਲੱਛਣ

ਦੋਹਿਰਾ—

ਹੋਰਾਂ ਦੇ ਗੁਣ ਦੋਸ਼ ਤੇ ਹੋਰਾਂ ਨੂੰ ਗੁਣ ਦੋਸ਼।
ਹੋਵੇ ਨਹੀਂ 'ਅਵੱਗਿਆ' ਕਹਿਣ ਕਾਵ੍ਯ ਦੇ ਕੋਸ਼ ॥੧੪੪॥

### ਬੈਨਗੀ, ਹੋਰ ਦੇ ਗੁਣ ਤੇ ਗੁਣ ਨਾ ਹੋਇ

ਦੋਹਿਰਾ—

ਸੰਤ ਭਗਤ ਬ੍ਰਹਮਾਤਮਾ ਪਿਤਾ ਚਤੁਰ ਗੁਣਵਾਨ।
'ਕੇਹਰ' ਨਿਰਗੁਣ ਪੁੱਤ੍ਰ ਦਾ ਭਲਾ ਕਹੋ ਕੀ ਮਾਨ ॥੧੪੫॥

### ਬੈਨਗੀ, ਦੋਸ਼ ਤੇ ਦੋਸ਼ ਨਹੀਂ

ਦੋਹਿਰਾ—

ਦੇਖੋ ਅਚਰਜ ਜਗਤ ਨੂੰ ਖਿਜਾ ਕਰੇ ਬਿਹਾਲ।
ਮਹਾਰਾਜ ਦਸਮੇਸ਼ ਦੇ ਜਾਚਕ ਹੋਣ ਨਿਹਾਲ ॥੧੪੬॥

ਉੱਲਾਸ ਤੋਂ ਉਲਟ ਅਰਥਾਤ ਹੋਰਨਾਂ ਦੇ ਗੁਣ ਦੋਸ਼ ਤੋਂ ਹੋਰ ਨੂੰ ਗੁਣ ਦੋਸ਼ ਨਾਂ ਹੋਣਾ ਅਵੱਗਿਆ।

## ੩. ਅਨੁੱਗਿਆਲੰਕਾਰ ਲੱਛਣ

ਦੋਹਿਰਾ—

ਵਸਤੂ ਅਨਾਦਰ ਜੋਗ ਦਾ ਆਦਰ ਵਰਨਨ ਹੋਇ।
ਉਸਨੂੰ ਕਹਿਣ ਅਨੁੱਗਿਆ ਕਵਿ ਪੰਡਿਤ ਸਭ ਕੋਇ ॥੧੪...

. Sri Satguru Jagjit Singh Ji eLibrary NamdhariElibrary@gmail.com .

## ਉਦਾਹਰਣ

ਦੋਹਿਰਾ—

ਮਹਾਰਾਜ ਦਸਮੇਸ਼ ਤੇ ਪਾਇ ਸਰਸ ਸੁਖਰਾਜ।
ਭਲੀ ਕਹਿਣ ਜਗ ਯਾਚਨਾ ਯਾਚਕ ਤੇ ਕਵਿਰਾਜ ॥੧੪੯॥

ਤਿਲਕ—ਯਾਚਨਾ ਜੋ ਆਦਰ ਯੋਗਜ ਨਹੀਂ ਸੀ ਉਹਨੂੰ ਯਾਚਕਾਂ ਅਤੇ ਕਵੀਆਂ ਦ੍ਵਾਰਾ ਆਦਰ ਯੋਗ ਕਿਹਾ ਗਿਆ।

## ੪. ਤ੍ਰਿਸਕਾਰ ਅਲੰਕਾਰ ਲੱਛਣ

ਦੋਹਿਰਾ—

ਆਦਰ ਵਾਲੀ ਵਸਤੁ ਦਾ ਹੋਇ ਜਦੋਂ ਅਪਮਾਨ।
ਉਲਟ ਅਨ੍ਹੱਗਿਆ ਤੋਂ ਬਣੇ ਸੋ ਤ੍ਰਿਸਕਾਰ ਪਛਾਣ ॥੧੪੬॥

## ਨਗੀ

ਮਦਰਾ ਸ੍ਵੈਯਾ—ਪਾਠ ਮੁਖਾਗਰ ਮਾਨਕੇ ਆਗਰ ਦੇਸ਼
ਉਜਾਗਰ ਦਾਨ ਰਤੇ। ਤਤ੍ਵ ਗਿਆਨ ਪ੍ਰਜਾਗਨ ਨ੍ਹਾਨ ਸੁ ਜੋਗ
ਧਿਆਨ ਮਹਾਨ ਸਤੇ। ਗਿੱਧਨ ਸਿੱਧਨ ਨਿੱਧਨ ਬੁੱਧ ਧਨੇਸ਼
ਜਨੇਸ਼ ਸੁ ਦੇਸ ਪਤੇ। ਏ ਸਭ ਮਾਯਕ ਖਾਨ ਕਲੇਸ਼ ਕੀ ਰਾਮ
ਰਮੰਤਨ ਸੰਤ ਮਤੇ ॥੧੫੦॥

## ੫. ਲਸ਼ਾਲੰਕਾਰ ਲੱਛਣ

ਦੋਹਿਰਾ—

ਦੂਸ਼ਣ ਗੁਣ ਸਮਦਾਯ ਵਿਚ ਦੋਸ਼ਾਂ ਵਿਚ ਗੁਣ ਜਾਣ।
ਚਮਿਤਕਾਰ ਇਕ ਅੰਸ ਵਿਚ ਸੋਈ ਲੇਸ਼ ਪਛਾਣ ॥੧੫੦॥

ਤਿਲਕ—ਦੋਸ਼ਾਂ ਵਿਚ ਗੁਣ ਅਤੇ ਗੁਣਾਂ ਵਿਚ ਦੋਸ਼ ਇਸ ਪ੍ਰਕਾਰ ਦੋ ਭੇਦ ਹਨ।

Sri Satguru Jagjit Singh Ji eLibrary NamdhariElibrary@gmail.com

ਦੋਹਿਰਾ—

ਪਰਮ ਸੁੰਦਰੀ ਪਦਮਣੀ ਮਾਨ ਵਤੀ ਸੁਖ ਵੇਸ਼।
ਸਤੀ ਪਤਿਬ੍ਰਤਾ ਜਾਨਕੀ ਤਦ ਹੀ ਸਹੇ ਕਲੇਸ਼॥੧੫੧॥

## ੬. ਤਦਗੁਣ ਲੰਕਾਰ ਲੱਛਣ

ਦੋਹਿਰਾ—

ਨਯੂਨ ਵਸਤੁ ਬਲਵਾਨ ਦਾ ਲਵੇ ਅਧਿਕ ਗੁਣ ਧਾਰ।
ਤਦ ਗੁਣ ਭੂਸ਼ਣ ਕਹਿਣ ਉਸ ਕਵਿਜਨ ਕਾਵਯ ਵਿਚਾਰਿ।੧੫੨

### ਬੰਨਗੀ

ਦੋਹਿਰਾ—

ਮਹਾਰਾਜ ਦਸਮੇਸ਼ ਦੇ ਚਰਨ ਕਮਲ ਉਰ ਆਨ।
ਜਿਨਹਾਂ ਰਕਤ ਸ੍ਵਰੂਪ ਕਰਿ ਰਕਤਿ ਰਿਦੇ ਹੋ ਜਾਨ॥੧੫੩॥

ਤਿਲਕ—ਹਿਰਦੇ ਵਿਚ ਚਰਣ ਵਸਣ ਕਰਕੇ ਹਿਰਦੇ ਭੀ ਰਕਤ (ਪ੍ਰੇਮੀ) ਹੋ ਜਾਣ।

## ੭. ਅਤਦਗੁਣਾਲੰਕਾਰ ਲੱਛਣ

ਦੋਹਿਰਾ—

ਤਦ ਗੁਣ ਤੇ ਜੋ ਉਲਟ ਹੋ ਸੰਗੀ ਗੁਣ ਨ ਲੇਇ।
ਉਸੇ ਅਤਦਗੁਣ ਠੀਕ ਹੀ 'ਕੇਹਰਿ' ਕਵਿ ਕਹਿ ਦੇਇ॥੧੫੪॥

### ਬੰਨਗੀ

ਦੋਹਿਰਾ—

ਮਹਾਰਾਜ ਦਸਮੇਸ਼ ਦੀ ਕੋੜੀ ਕੁਟਲ ਕਮਾਣ।
ਕਦੇ ਨ ਡਿੱਠੀ ਸਰਲ ਇਹ ਸਦਾ ਰਹੇ ਸੰਗ ਬਾਣ॥੧੫੫॥

## 'ਪੂਰਬ ਰੂਪਾਲੰਕਾਰ' ਲੱਛਣ

ਦੋਹਿਰਾ—

ਹੋਰ ਗੁਣੀ ਦੇ ਸੰਗ ਤੇ ਹੋਰ ਲਵੇ ਗੁਣ ਧਾਰ।
ਹਟਕੇ ਪੂਰਬ ਰੂਪ ਹੋ 'ਪੂਰਬਰੂਪ' ਵਿਚਾਰ ॥੧੫੬॥

### ਬੰਨਗੀ

ਦੋਹਿਰਾ—

ਰਣ ਵਿਚ ਸ੍ਰੀ ਦਸਮੇਸ਼ ਜਦ ਹੋਵਣ ਰਕਤ ਅਨੂਪ।
ਖੜਗ ਸ੍ਵੇਤ ਹੋ ਕਰਤ ਫਿਰ ਜਸ ਮਧ ਸ੍ਵੇਤ ਸ੍ਵਰੂਪ ॥੧੫੭॥

ਤਿਲਕ—ਗੁਰੂ ਸਾਹਿਬ ਦੇ ਰਕਤ ਹੋਣ ਤੇ ਤਲਵਾਰ ਲਹੂ ਕਰਕੇ ਰਕਤ ਹੋ ਜਾਂਦੀ ਹੈ ਅਤੇ ਸ੍ਵੇਤ ਜਸ ਦੀ ਸੰਗਤ ਕਰਕੇ ਫੇਰ ਸ੍ਵੇਤ ਹੀ ਹੋ ਜਾਂਦੀ ਹੈ।

## 'ਅੰਨ੍ਹਗੁਣਲੰਕਾਰ' ਲੱਛਣ

ਦੋਹਿਰਾ—

'ਕੇਹਰਿ' ਕੋਈ ਵਸਤੁ ਜਦ ਸੰਗੀ ਦਾ ਗੁਣ ਪਾਇ।
ਹੋਇ ਅਧਿਕ ਗੁਣਵਾਨ ਇਹੁ 'ਅਨੁਗੁਣ ਕਥਨ ਕਹਾਇ।੧੫੮।

### ਬੰਨਗੀ

ਦੋਹਿਰਾ—

ਖੜਗ ਸ੍ਰੀ ਦਸਮੇਸ਼ ਦੀ ਚਮਕ ਸਹਿਤ ਸਰਸਾਇ।
ਦਾਨੀ ੧ਹਸਤ ਸੁਭਾਵ ਤੇ ਅਤਿ ਉੱਜਲ ਹੋ ਜਾਇ ॥੧੫੯॥

---

੧ਹੱਥ।

Sri Satguru Jagjit Singh Ji eLibrary NamdhariElibrary@gmail.com

## ੮. 'ਮੀਲਤਾ ਅਲੰਕਾਰ' ਲੱਛਣ

ਦੋਹਿਰਾ—

ਬਲੀ ਸਦ੍ਰਸ਼ ਪ੍ਰਭਾਵ ਵਿਚ ਹੋਵੇ ਭੇਦਾਭਾਵ।
ਭੂਸ਼ਣ ਮਿਲਤ ਪਛਾਣੀਏ ਕਵਿ ਜਨ ਕੇ ਵਰਤਾਵ ॥੧੬੦॥

### ਬੰਨਗੀ

ਦੋਹਿਰਾ—

ਦਿਸਣ ਨ ਬਰਖਾ ਕਾਲ ਵਿਚ ਬਰਖਾ ਕਣ ਸੰਗ ਬਾਣ।
ਸੰਹੇ ਸਤਿਗੁਰ ਤੇਗ ਦੇ ਹੋਇ ਨ ਬਿੱਜ ਪਛਾਣ ॥੧੬੧॥

ਤਿਲਕ—ਬਾਣਾਂ ਵਿਚ ਕਣੀਆਂ ਦੇ ਭੇਦ ਅਤੇ ਖੜਗ ਵਿਚ ਬਿਜਲੀ ਦੇ ਭੇਦ ਦਾ ਅਭਾਵ ਹੋਣ ਤੇ ਮੀਲਤ।

## ੯. ਉਨਮਿਲਤਾ ਲੰਕਾਰ' ਲੱਛਣ

ਦੋਹਿਰਾ—

ਵਸਤੂ ਭੇਦਾ ਭਾਵ ਵਿਚ ਭੇਦ ਲਖਾਇਕ ਜੋਇ।
ਅਲੰਕਾਰ ਉਨਮਿਲਤ ਸੋ ਕਹਿਣ ਕਵੀ ਸਭ ਕੋਇ ॥੧੬੨॥

### ਬੰਨਗੀ

ਦੋਹਿਰਾ—

ਸਮ ਹੈ ਸ਼ਕਤਿ ਪ੍ਰਭਾਵ ਵਿਚ ਮਹਾਰਾਜ ਮ੍ਰਿਗਰਾਜ।
ਲਖੇ ਫਿਰੇ ਮ੍ਰਿਗਰਾਜ ਦੇ ਸੋਢਬੰਸ ਸਿਰਤਾਜ ॥੧੬੩॥

ਤਿਲਕ—ਸ਼ੇਰ ਅਤੇ ਮਹਾਰਾਜ ਜੀ ਵਿਚ, ਇਕੋ ਜਿਹੇ ਦਿੱਸਣ ਕਰਕੇ ਪਛਾਣ ਨਹੀਂ ਸੀ, ਮਗਰ ਸ਼ੇਰ ਦੇ ਡਿਗਣ ਕਰਕੇ ਉਸ ਭੇਦਾਭਾਵ ਦਾ ਅਭਾਵ ਹੋ ਗਿਆ।

. Sri Satguru Jagjit Singh Ji eLibrary NamdhariElibrary@gmail.com .

## ੧੦. 'ਸਮਾਲੰਕਾਰ' ਲੱਛਣ ।

ਦੋਹਿਰਾ—

ਜੈਸਾ ਜਿਸਦੇ ਯੋਗਜ ਹੋ ਕਿਸੇ ਸਬੰਧੋਂ ਬੀਰ ।
ਅਯਥਾ ਯੋਗਜ ਵਿਚ ਹੋਇ ਵਾ ਅਸੰਬੰਧ 'ਸਮ' ਧੀਰ ॥੧੬੪॥

ਭਾਵ—ਕਿਸੇ ਸੰਬੰਧ ਤੋਂ ਯਥਾ ਯੋਗਜ ਹੋਵੇ ਅਥਵਾ ਅਯਥਾ ਯੋਗਜ ਵਿਚ ਅਸੰਬੰਧ (ਸੰਬੰਧ ਨ ਹੋਣਾ) ਹੋਵੇ ਉਹ ਸਮਾਲੰਕਾਰ ।

### ਬੰਨਗੀ

ਦੋਹਿਰਾ—

ਮਹਾਰਾਜ ਦਸਮੇਸ਼ ਜੀ ਸਾਖਿਆਤ ਮ੍ਰਿਗਰਾਜ ।
ਸ੍ਰੀ ਮਾਨ ਜਸ ਲਿਖਣ ਕੋ 'ਕੇਹਰਿ' ਕਵਿ ਕਵਿਰਾਜ ॥੧੬੫॥

ਸੂ:—ਹੋਰ ਭੇਦ ਛੱਡੇ ਗਏ ਹਨ ।

## ੧੧. 'ਕਵ੍ਯਜ ਲਿੰਗਅਲੰਕਾਰ' ਲੱਛਣ ।

ਦੋਹਿਰਾ—

ਹੇਤੁ ਸਮਰਥਨ ਯੁਕਤਿ ਕਰਿ ਕਾਵ੍ਯ ਲਿੰਗ ਸੋ ਜਾਣ ।
ਕਾਰਣ ਨੂੰ ਵਾਕਯਰਥਾ ਲੱਛਣ ਦੂਜਾ ਠਾਣ ॥੧੬੬॥

### ਬੰਨਗੀ

ਦੋਹਿਰਾ—

ਧੰਨ ਧੰਨ ਹਰਿ ਸੰਤ ਹਨ ਰਿਹਾ ਮ੍ਰਿਦੰਗ ਉਚਾਰ ।
ਧ੍ਰਿਗ ਧ੍ਰਿਗ ਤਿਨਕਾ ਜਨਮ ਜੋ ਰਾਂਡ ਨਿਚਾਵਨਹਾਰ ॥੧੬੭॥

Sri Satguru Jagjit Singh Ji eLibrary NamdhariElibrary@gmail.com

## ੧੨. ਕਾਵਜਅਰਥਾਪੱਤੀ ਅਲੰਕਾਰ ਲੱਛਣ

ਦੋਹਿਰਾ–

ਹੇਤੁ ਸੰਪਾਦਿਕ ਗਿਆਨ ਦਾ ਜੋ ਸੰਪਾਦਜ ਗਿਆਨ।
ਅਰਥਾਪੱਤੀ ਜਾਣ ਸੋ ਭੂਸ਼ਤ ਭੂਸ਼ਣ ਮਾਨ ॥੧੬੮॥

ਭਾਵ–ਪੈਦਾ ਹੋਏ ਦੇ ਗਿਆਨ ਤੋਂ ਪੈਦਾ ਕਰਨ ਵਾਲੇ ਦਾ ਗਿਆਨ ਹੋਣਾ ਅਰਥਾਪੱਤੀ ਹੁੰਦੀ ਹੈ। ਇਸ ਤਰਾਂ ਦੀ ਕਿਸੇ ਭੀ ਕਲਪਣਾ ਵਿਚ ਚਮਿਤਕਾਰ ਹੋ ਜਾਵੇ ਤਾਂ ਉਹੀ ਅਲੰਕਾਰ ਹੈ।

ਬੰਨਗੀ

ਦੋਹਿਰਾ–

ਮੈ, ਵਾਰਾਂ ਗੁਰੁ ਗੈਬ ਪਰ ਤਨ ਮਨ ਧਨ ਸਣ ਪ੍ਰਾਣ।
'ਕੇਹਰਿ' ਕੀ ਜਗ ਵਾਰਦਾ ਦਮੜਾ ਪੁਸ਼ਟ ਨਦਾਨ ॥੧੬੯॥

ਤਿਲਕ–ਤਨ ਮਨ ਵਾਰਨ ਰੂਪ ਸੰਪਾਦਜ ਤੋਂ ਦਮੜਾ ਵਾਰਣ ਰੂਪੀ ਸੰਪਾਦਿਕ ਦੀ ਕਲਪਣਾ ਚਮਤਿਕਾਰ ਸਹਿਤ ਹੈ।

## ੧੩. ਵਿਧੀ ਅਲੰਕਾਰ ਲੱਛਣ

ਦੋਹਿਰਾ–

੧ਗਜਾਤ ਗਿਆਪਕ੨ਕਥਨ ਜੋ ਅਲੰਕਾਰ ਵਿਧਿ ਜਾਨ।
ਗਿਆਪਕ ਮੇਂ ਅਗਿਆਤ ਦੇ ਚਮਿਤਕਾਰ ਨਾ ਮਾਨ ॥੧੭੦॥

ਭਾਵ-ਗਯਾਤ ਦਾ ਹੀ ਗਿਆਪਕ ਹੋਵੇ ਉਹ ਚਮਤਕਾਰੀ ਹੋਣ ਕਰਕੇ ਵਿਧੀ ਅਲੰਕਾਰ ਹੈ। ਅਗਿਆਤ ਦੇ ਗਿਆਪਕ ਵਿਚ (ਕਈਆਂ ਕਵੀਆਂ ਦੀ ਤਰਾਂ) ਮੰਨਣਾ ਠੀਕ ਨਹੀਂ।

---

੧ਜੋ ਪਹਿਲਾਂ ਹੀ ਜਣਾਇਆ ਹੋਵੇ। ੨ਜਣਾਉਣ ਵਾਲਾ।

Sri Satguru Jagjit Singh Ji eLibrary NamdhariElibrary@gmail.com

## ਬੰਨਗੀ

ਸ੍ਵੈਯਾ—ਨ੍ਹਾਨ ਕਹੇ ਗੁਰ ਗਿਆਨ ਸਰੋਵਰ ਮਾਨੁਖ ਕੀ ਤਦ ਮਾਨੁਖਤਾਈ। ਅੰਗ ਗੋਪਾਲ ਕੇ ਰੰਗ ਰੰਗੇ ਤਦ ਅੰਗ ਮਿਲੇ ਕੀ ਭਲੀਭਲਿਆਈ। ਉੱਤਮ ਸੰਗਿਤ ਕੇ ਗੁਣ ਮੰਡਿਤ ਪੰਡਿਤ ਜਾਨ ਪਵੇ ਪੰਡਿਤਾਈ। ਗੀਤ ਗੁਰਾਂ ਗੁਰ ਗਾਨ ਕਰੇਤ ਵਿਦਾਂ ਕਵਿਰਾਜਨ ਕੀ ਕਵਿਤਾਈ ॥੧੭੧॥

ਤਿਲਕ ਮਨੁਖ ਦੀ ਮਨੁਖਤਾ ਗਿਆਤ ਹੀ ਹੈ ਮਗਰ ਇਹਨੂੰ ਗੁਰੂ ਆਨ ਵਿਚ ਨ੍ਹਾਉਣ ਨਾਲ ਸੁਗਿਆਤ ਕਰਾਯਾ, ਸੋ ਅਲੰਕਾਰ।

## ੧੪. ਪ੍ਰਹਰਖਣਾਲੰਕਾਰ ਲੱਛਣ

ਦੋਹਿਰਾ—

ਅੱਤ ਉਮਾਹਾ ਜਿਸ ਵਿਖੇ ਸੋਇ ਪ੍ਰਹਰਖਣ ਜਾਨ।
ਇੱਛਾ ਥੋੜੀ ਲਾਭ ਅਤਿ ਇਤਜਾਦੀ ਕਰਿਮਾਨ ॥੧੭੨॥

## ਬੰਨਗੀ

ਕਬਿਤ—ਨੰਗੇ ਪੈਰੀਂ ਜਾਣ ਨੇਹੀਂ ਖੇਚਲ ਥਕਾਨ ਮੰਨੀ ਬਣ ਕਰ ਜਾਤਰੂ ਜੁ ਸੰਗ ਹੀ ਸਮਾਜ ਦੇ। ਢੋਲਕ ਤੇ ਛੈਣੇ ਅਰ ਛੈਣ ਖੜਤਾਲਾਂ ਨਾਲ ਭੇਟਾਂ ਦੇ ਗਵੱਯੇ ਤੇ ਬਜੱਯੇ ਸ਼ਹੇ ਸਾਜ ਦੇ। ਰਾਹ ’ਚਿ ਅਚਾਨਕ ਹੀ ਪੁਜੇ ਕਰਤਾਰ ਪੁਰ ਚਿੱਤ ਮੇਂ ਦਰਸ ਚਾਉ੧ਮੱਯਾ ਹਿੰਗਲਾਜ ਦੇ। ਦੇਵੀ ਦੇ ਦਰਸ ਦੇਖੋ ਢੂੰਡਦੇ ‘ਕੇਹਰਿ’ ਕਵਿ ਪਾ ਰਹੇ ਦਰਸ ਹੈਂ ਤ੍ਰਲੋਕੀ ਦੇਵਰਾਜ ਦੇ ॥੧੭੩॥

---

੧ਦੇਵੀ।

ਤਿਲਕ—ਭਾਈ ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਨੂੰ ਦੇਵੀ ਦੇ ਦਰਸ਼ਨ ਰੂਪੀ ਤੁੱਛ ਇੱਛਾ ਤੋਂ ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਰੂਪ ਮਹਾਨ ਪ੍ਰਾਪਤੀ ਹੋਣ ਕਰਕੇ ਪ੍ਰਹਰਖਣਾ ਲੰਕਾਰ।

## ੧੫. ਪ੍ਰਯਾਯਾਲੰਕਾਰ ਲੱਛਣ—

ਦੋਹਿਰਾ—

ਵਸਤੂ ਇੱਕ ਅਨੇਕ ਵਿਚ ਇੱਕੇ ਵਿਚ ਅਨੇਕ।
ਵਾਰੋਵਾਰੀ ਹੋਣ ਜਦ, ਸੋ ਪ੍ਰਯਾਯ ਬਿਬੇਕ ॥੧੭੪॥

## ਬੰਨਗੀਅਨੇਕਾਂ ਵਿਚ ਇਕ—

ਦੋਹਿਰਾ—

ਮਹਾਰਾਜ ਦਸਮੇਸ਼ ਦੀ ਮਹਿਮਾ ਵਧੀ ਵਿਰੇਕ।
ਦੇਸ਼ ਤਿਆਗ ਦੀਪੀਂਦਰੀ ਹੁਣ ਚਰਚਾ ਸਰਲੋਕ ॥੧੭੫॥

ਤਿਲਕ—ਇਹ ਭੇਦ ਵਿਕਾਸ਼ ਪਰਯਾਯਾ ਹੈ। ਸੰਕੋਚ ਪਰਯਾਯਾ ਨਹੀਂ ਲਿਖਿਆ।

## ੧੬. ਰਤਨਾਵਲੀ ਅਲੰਕਾਰ

ਦੋਹਿਰਾ—

ਵਾਰੀ ਸਿਰ ਜੋ ਵਸਤੂਆਂ ਰਚੀ ਜਿਵੇਂ ਕਰਤਾਰ।
ਚਮਤਿਕਾਰ ਉਸ ਪਾਲ ਵਿਚ ਰਤਨਾਵਲੀ ਵਿਚਾਰ ॥੧੭੬॥

## ਬੰਨਗੀ

ਕਬਿੱਤ—ਸੁੰਦਰ ਬਿਲਾਸ 'ਚਿ ਮਿਠਾਸ ਪਾਵੇ ਸੋਮਵਾਰ ਮੰਗਲ ਕਰੇਂਦਾ ਹੈ ਅਮੰਗਲਾਂ ਦੀ ਸ਼ਾਂਤੀ। ਬੁੱਧਵਾਰ ਸੁੱਧ ਹੋਏ

Sri Satguru Jagjit Singh Ji eLibrary NamdhariElibrary@gmail.com

ਚਿਤ ਤੇ ਚਤੁਰ ਬੁਧਿ ਵਾਰ ਦਾ ੧ਬ੍ਰਹਸਪਤਿ ਸੁਰਲੋਕ ਕਾਂਤੀ।
ਨੀਤੀ ਦਾ ਪ੍ਰਕਾਸ਼ ਕਰੇ ਸ਼ੁਕੱਰ 'ਕੇਹਰਿ' ਕਵਿ ੨ਸ਼ਨੀ ਸ਼ਾਨ
੩ਸੂਰਜ ਪ੍ਰਕਾਸ਼ੇ ਅਤਿ ੪ਕ੍ਰਾਂਤੀ। ਸੇਵਾ ਨੂੰ ਹਮੇਸ਼ ਮਹਾਰਾਜ
ਦਸਮੇਸ਼ ਜੀਦੇ ਖੜੀ ਹੈ ਹਜ਼ੂਰ ਏ ਦਿਹਾੜਿਆਂ ਦੀ ਪਾਂਤੀ।੧੭੭।

## ੧੭. ਪ੍ਰਤਜਨੀਕਾਲੰਕਾਰ ਲੱਛਣ

ਦੋਹਿਰਾ—

ਸੱਤ੍ਰ ਮਿੱਤ੍ਰ ਦੇ ਪੱਖ ਤੇ ਵੈਰ ਪ੍ਰੇਮ ਜਦ ਹੋਇ।
ਪ੍ਰਤਜਨੀਕ ਭੂਸ਼ਣ ਉਸੇ ਕਹਿਣ ਕਵੀ ਸਭ ਕੋਇ॥੧੭੮॥

ਭਾਵ—ਮਿੱਤ੍ਰ ਦਾ ਮਿੱਤ੍ਰ ਜਾਣ ਕੇ ਪ੍ਰੇਮ ਕਰਨਾ ਅਤੇ ਮਿੱਤ੍ਰ ਦਾ ਵੈਰੀ ਜਾਣ ਕੇ ਵੈਰ ਕਰਨਾ।

## ਇਕੱਠੀ ਬੰਨਗੀ

ਕਾਮਣੀ ਮੋਹਣਾ ਛੰਦ—ਚੰਦ ਨੂੰ ਵੇਖ ਜੋ ਫੂਲ ਸੰਕੋਚਦੇ। ੧ਕੁਲਟਾ ਪੱਖ ਤੇ ਨ੍ਹੇਰ ਨੂੰ ਲੋਚਦੇ। ਇਕ ਕਾਮੋਦ ਜੋ ਜੋਬਨੀ ਆਣ ਕੇ। ਹੱਸਦੇ ਕਾਮਣੀ ਮੋਹਣਾ ਜਾਣ ਕੇ॥੧੭੯॥

ਤਿਲਕ-ਫੁੱਲਾਂ ਦਾ ਵਜਭਿਚਾਰਣੀ ਇਸਤ੍ਰੀ ਨਾਲ ਪ੍ਰੇਮ ਕਰਕੇ ਅਤੇ ਉਹਨੂੰ ਦੁਖ ਦੇਣ ਵਾਲੇ ਚੰਦ ਨਾਲ ਵੈਰ ਹੋਣ ਕਰਕੇ ਸੁੰਗੜਨਾ ਅਰ ਨ੍ਹੇਰ ਨੂੰ ਚਾਹੁਣਾ। ਕਾਮੋਦਨੀਆਂ ਦਾ ਇਸਤ੍ਰੀ ਨਾਲ ਵੈਰ ਹੋਣ ਕਰਕੇ ਉਹਦੇ ਵੈਰੀ ਚੰਦਰਮਾਂ ਨਾਲ ਪ੍ਰੇਮ ਕਰਨਾ।

---

੧ਵੀਰਵਾਰ। ੨ਸ਼ਨੀਚਰ ਵਾਰ। ੩ਐਤਵਾਰ। ੪ਸੋਭਾ।

. Sri Satguru Jagjit Singh Ji eLibrary NamdhariElibrary@gmail.com .

## ੧੯. ਅਭਾਸਾਲੰਕਾਰ ਲੱਛਣ

ਦੋਹਿਰਾ—

ਕਿਸੇ ਅਰਥ ਆਭਾਸ ਵਿਚ ਚਮਤਿਕਾਰ ਜਦ ਆਇ।
ਅਲੰਕਾਰ ਅਭਾਸ ਸੋ ਕਹਿਣ ਸਕਲ ਕਵਿਰਾਇ ॥੧੯੦॥

### ਬੰਨਗੀ ਵਿਰੋਧਾਭਾਸ

ਦੋਹਿਰਾ—

ਵਾਰ ਵਾਰ ਜਗ ਜਨਮ ਲੈ ਜਪਾਂ ਨਾਮ ਹਰਿ ਸੋਇ।
ਸਤਿਗੁਰ ਬਖਸ਼ਿਸ਼ ਬਖਸਿਉ ਦੂਜਾ ਜਨਮ ਨ ਹੋਇ ॥੧੯੧॥

ਤਿਲਕ—ਵਾਰ ਵਾਰ ਜਨਮ ਦੀ ਇਛਾ ਅਤੇ ਦੂਜੇ ਜਨਮ ਦੀ ਅਨਿੱਛਾ ਦਾ ਵਿਰੋਧ ਪ੍ਰਤੀਤ ਹੁੰਦਾ ਹੈ ਮਗਰ ਦੂਜੇ ਜਨਮ ਦਾ ਅਰਥ ਜੇਕਰ ਮਨੁਖ ਤੋਂ ਭਿੰਨ ਹੋਰ ਪਸ਼ੂ ਆਦੀ ਕਰ ਲਿਆ ਜਾਵੇ ਅਥਵਾ "ਦੂਜਾ ਜਨਮ ਨ ਹੋਇ ਇਸ ਦਾ ਭਾਵ ਮੁਕਤੀ ਹੋਣੀਕਰ ਲਿਆ ਜਾਵੇ ਤਾਂ ਵਿਰੋਧ ਨਹੀਂ।

### ਪੁਨਰੁਕਤਿਵਦਾਭਾਸ ਉਦਾਹਰਣ

ਦੋਹਿਰਾ—

ਹਰਿ ਜਨ ਦਾਤਾ ਸੂਰਮਾ ਜਣੈ ਪੁੱਤਰ ਸੋ ਮਾਤ।
ਸਾਕਤ ਨਿੰਦਕ ਜੇ ਜਣੈ ਮਾਤ ਭਈ ਸੋ ਮਾਤ ॥੧੯੨॥

ਤਿਲਕ—ਦੋਹਾਂ ਤੁਕਾਂ ਦੇ ਅੰਤਲੇ "ਮਾਤ" ਅਤੇ ਦੂਜੀ ਤੁਕ ਵਿਚ ਦੋ ਬਾਰ "ਮਾਤ" ਆਉਣ ਕਰਕੇ ਇਨ੍ਹਾਂ ਦਾ ਇਕ ਅਰਥ ਪ੍ਰਤੀਤ ਹੁੰਦਾ ਹੈ ਮਗਰ ਪਹਿਲੀ ਤੁਕ ਦੇ "ਮਾਤ" ਦਾ ਅਰਥ ਮਾਤਾ ਅਤੇ ਦੂਜੀ ਤੁਕ ਦੇ ਪਿਛਲੇ "ਮਾਤ" ਦਾ ਅਰਥ 'ਮਧਮ' ਹੋਣ ਕਰਕੇ ਪੁਨਰਕੁਤੀ ਨਹੀਂ ਹੈ।

. Sri Satguru Jagjit Singh Ji eLibrary NamdhariElibrary@gmail.com .

ਕਈਆਂ ਨੇ ਆਛੇਪਾਆਭਾਸ ਆਦੀ ਅਤੇ ਪੂਰਯੋਕਤ ਨੂੰ ਅੱਡ ੨ ਅਲੰਕਾਰ ਮੰਨਿਆ ਹੈ ਮਗਰ ਸਾਰਿਆਂ ਵਿਚ ਆਭਾਸ ਅੰਸ ਹੀ ਹੋਣ ਕਰਕੇ ਅੱਡ ੨ ਮੰਨਣਾ ਠੀਕ ਨਹੀਂ।

## ਸੰਕੋਚਾਲੰਕਾਰ ਲੱਛਣ

ਦੋਹਿਰਾ-

ਚਮਿਤਕਾਰ ਸੰਕੋਚ ਵਿਚ ਭੂਸ਼ਣ ਸੋਈ ਜਾਣ।
ਜਾਣੋ ਉਲਟ ਵਿਕਾਸ਼ ਤੇ ਕਵਿ ਜਨ ਕਰਨ ਬਖਾਨ ॥੧੯੩॥

ਕਬਿਤ—ਜਨ ਲੋਕ ਤਪੋ ਨ ਮੇਹਰ ਲੋਕ ਨ ਰਸਾਤਲ ਪਤਾਲ ਨਹੀਂ ਅਤਿਲ ਵਿਤਲ ਮੇ। ਸਿਵ ਲੋਕ ਸੁਰ ਲੋਕ ਬ੍ਰਹਮ ਲੋਕ ਪਾਲਨ ਕੇ ਲੋਕ ਨਾ ਸੁਮੇਰੂ ਨਾ ਕੈਲਾਸ਼ ਸਕਲ ਥਲ ਮੇਂ। ਚੰਤਰ ਦੀ ਚਾਂਦਨੀ ਚਕੋਰ ਚਿਤਰੰਚਲਾ ਮੇਂ ਅੰਮ੍ਰਿਤ ਦੇ ਫਲ ਨਾ ਬਛਾਉਣਾ ਮਖਮਲ ਮੇਂ। 'ਮੌਜ' ਨਵ ਖੰਡ ਬ੍ਰਹਮੰਡ ਦੀ 'ਕੇਹਰਿ' ਕਵਿ ਆਣਕੇ ਬਿਰਾਜੇ ਗੁਰੂ ਚਰਨ ਕਮਲ ਮੇਂ ॥੧੯੪॥

## ਬੰਨਗੀ

ਤਿਲਕ—ਗੁਰੂ ਚਰਨ ਵਿਚ ਕੁਲ ਬ੍ਰਹਿਮੰਡ ਦੀ ਮੌਜ ਦਾ ਰਹਿਣਾ ਚਮਿਤਕਾਰ ਸਹਿਤ ਸੰਕੋਚ।

## ੧੯. ਵਿਕਾਸਾਲੰਕਾਰ

ਦੋਹਿਰਾ—

ਜਲ ਮੇਂ ਥਲ ਮੇਂ ਅਗਿਨ ਮੇਂ ਪਵਨ ਪਤਾਲ ਅਕਾਸ਼।
'ਕੇਹਰਿ' ਗੁਰਮੁਖ ਚਿੱਤ ਮੇਂ ਹਰਿ ਗੁਰਿ ਸ਼ਬਦ ਨਿਵਾਸ॥੧੯੫॥

Sri Satguru Jagjit Singh Ji eLibrary NamdhariElibrary@gmail.com

## ੨੦. ਅਨੁਕੂਲ ਅਲੰਕਾਰ

ਦੋਹਿਰਾ—

ਚਮਤਿਕਾਰ ੧ਅਨੁਸਰਨ ਵਿਚ ਸੋ ਅਨੁਕੂਲ ਪਛਾਨ।
ਠੀਕ ਪ੍ਰਣਾਮਹਿ ਆਦਿ ਤੇ ਭੂਸ਼ਨ ਭਿੰਨ ਬਖਾਨ ॥੧੮੬॥

ਤਿਲਕ—'ਪ੍ਰਣਾਮ' ਵਿਚ ਤਾਂ ਉਪਮਾਨ ਹੀ ਉਪਮੇਯ ਰੂਪ—ਪਰਿਣਾਮ ਨੂੰ ਪ੍ਰਾਪਤ ਹੁੰਦਾ ਹੈ, ਮਗਰ ਇਸ ਵਿਚ ਐਸਾ ਨਹੀਂ ਹੈ।

### ਬੰਨਗੀ

ਦੋਹਿਰਾ—

ਪਿੱਠ ਕਦੇ ਨਾ ਦੇਂਵਦੀ ਰੁਕਦੀ ਇਹੁ ਨ ਮੂਲ।
ਸਤਿਗੁਰ ਤੇਰੀ ਖੜਗ ਸੋ ਰਹੇ ਮਰਦ ਅਨੁਕੂਲ ॥੧੮੭॥

ਤਿਲਕ—ਮਰਦ ਦੇ ਸੁਭਾਵ ਅਨੁਕੂਲ ਹੀ ਖੜਗ ਦਾ ਸੁਭਾਵ ਹੈ।

## ੨੧. ਪ੍ਰੌਢੋਕਤਿ ਅਲੰਕਾਰ ਲੱਛਣ

ਦੋਹਿਰਾ—

ਕਿਸੇ ਵਸਤੁ ਦੇ ਧਰਮ ਨੂੰ ਪੁਸ਼ਟ ਕਰਨ ਦੇ ਕਾਜ।
ਨਿੱਗਰ ਹਤੂ ਕਲਪੀਏ ਸੋ ਪ੍ਰੋਢੁਕਤੀ ਸਾਜ ॥੧੮੮॥

### ਬੰਨਗੀ

ਕਬਿਤ—ਧਰਤੀ ਅਕਾਸ਼ ਆਦੀ ਤੱਤਾਂ ਦਾ ਮਿਲਾਪ ਕਰ ਵੇਕ ਵੇਕ ਵੰਨਗਾਂ 'ਚਿ ਰਚਨਾ ਰਚਾਈ ਹੈ। ਜਿਸ ਦੀ

---

੧ਅਨੁਕੂਲਤਾ।

Sri Satguru Jagjit Singh Ji eLibrary NamdhariElibrary@gmail.com

ਰਜਾਇ ਪਾਇ ਔਡਨ ਰਹਾਇ ਠਾਇ ਚਰਾਚਰ ਜਗਤਿ ਮੈ ਚਿ ਚੇਤਨਾ ਜਗਾਈ ਹੈ। ਕਹੇ ਕਵਿ 'ਕੇਹਰਿ' ਅਨੰਤ ਕਲਾਧਾਰ ਕਰਿ ਸਭ ਦਾ ਅਧਾਰ ਧਾਰ ਜੀਵਣ ਵਹਾਈ ਹੈ। ਕੌਤਕੀ ਲੁਹਾਰ ਕਰਤਾਰ ਦਸਮੇਸ਼ ਤੇਰੀ ੧ਕਾਰੀ ਤੇ ਕਰਾਰੀ ਖੂਬ ਖੜਗ ਸਜ਼ਾਈ ਹੈ ॥੧੮੯॥

ਤਿਲਕ—ਲੌਕਿਕ ਕਥਨ ਤੋਂ ਭਿੰਨ ਹੀ ਪ੍ਰੌਢੌਕਤੀ ਹੁੰਦੀ ਹੈ। ਸੋ ਖੜਗ ਨੂੰ ਕਰਾਰੀ ਸਿੱਧ ਕਰਨ ਲਈ ਪ੍ਰਮੇਸ੍ਰ ਦਾ ਲੁਹਾਰ ਬਣਕੇ ਉਹਨੂੰ ਬਣੌਣ ਰੂਪ ਹੇਤ ਕਲਪਿਆ।

# 'ਪੰਜਵਾਂ ਤਰੰਗ'

## ਸ਼ਬਦਾਲੰਕਾਰ ਵਰਣਨ

ਦੋਹਿਰਾ—

ਅਨੁਪ੍ਰਾਸ ਅਰੁ ਚਿਤ੍ਰ ਹਨ ਦੋ ਸ਼ਬਦਾਲੰਕਾਰ।
ਹੋਰ ਸ਼ਲੇਖਾਦਿਕ ਸਭੇ ਵਰਨੇ ਉਭੇ ਪ੍ਰਕਾਰ ॥੧੯੦॥

### ੧. ਅਨੁਪ੍ਰਾਸ, ਲੱਛਣ

ਦੋਹਿਰਾ—

ਵਰਣ, ਸ਼ਬਦ ਅਰੁ ਵਾਕ੍ਯ ਦੀ ਮੁੜ ਮੁੜ ਧਰਨ ਪਛਾਨ।
ਸੁੰਦਰ ਸਮਝ ਸੁ ਕਹਿਣ ਤਿਸ ਅਨੁਪ੍ਰਾਸ ਵਿਦ੍ਵਾਨ ॥੧੯੧॥

---

੧ਕਾਰਾ ਕਰਨ ਵਾਲੀ।

. Sri Satguru Jagjit Singh Ji eLibrary NamdhariElibrary@gmail.com .

# ਅਣੁਪ੍ਰਾਸ ਪ੍ਰਕਾਰ

ਦੋਹਿਰਾ—

ਛੇਕ, ਬਿਰਤ ਅਰੁ ਯਮਕ ਹੈ, ਲਾਟ, ਵੀਪਸਾ ਮਾਨ।
ਪੰਜ ਭਾਂਤਿ ਅਨੁਪ੍ਰਾਸ ਲਖ ਲੱਛਣ ਬੰਨਗ ਜਾਨ ॥੧੯੨॥

## ਛੇਕ ਅਤੇ ਬ੍ਰਿਤਿ ਦਾ ਲੱਛਣ

ਦੋਹਿਰਾ—

ਛੇਕ, ਵਿਅੰਜਨ ਅਨਿਕ ਜਦ' ਕੇਰਾਂ ਹੋਣ ਸਮਾਨ।
ਇੱਕ, ਅਨੇਕ ਸਮਾਨ ਜਦ, ਅਨਿਕ ਵਾਰ ਬ੍ਰਿਤਿ ਜਾਨ ॥੧੯੩॥

ਭਾਵ—ਅਨੇਕ ਵਰੰਜਨਾਂ ਦੀ ਇਕ ੨ ਵਾਰ ਸਮਾਨਤਾ 'ਛੇਕ' ਅਤੇ ਇਕ ਜਾਂ ਬਹੁਤਿਆਂ ਦੀ ਅਨੇਕ ਵਾਰ ਸਦ੍ਰਸ਼ਤਾ ਬ੍ਰਿਤਿ ਅਨੁਪ੍ਰਾਸ ਹੈ।

## (੧) ਬੰਨਗੀ, ਛੇਕਾਨੁਪ੍ਰਾਸ

ਦੋਹਿਰਾ—

ਬਿਪਤ ਬਿਦਾਰਨ ਦਸਮ ਗੁਰਿ ਸਹਿਤ ਪ੍ਰਭਾਵ ਪ੍ਰਚੰਡ।
ਰਿਦੇ ਧਾਰਿ ਖਲ ਖੰਡਨੋਂ ਹੋਵੇ ਅਮਰ ਅਡੰਡ ॥੧੯੪॥

ਤਿਲਕ—ਬ, ਦ, ਪ, ਰ, ਖ, ਅ, ਡ, ਇਨ੍ਹਾਂ ਦੀ ਇਕ ੨ ਵਾਰ ਸਮਾਨਤਾ ਹੈ।

## ਬੰਨਗੀ ਬ੍ਰਿਤਯਾਨੁਪ੍ਰਾਸ

ਦੋਹਿਰਾ—

ਬਿਪਤ ਬਿਦਾਰਨ ਦਸਮ ਗੁਰਿ ਬੀਰਨ ਬੀਰ ਅਖੰਡ।
ਨੇਤਿ ਨੇਤਿ ਕਰਿ ਬੇਦ ਬਿਧਿ ਬਰਨੇ੧ਬਰ ਬਲਬੰਡ ॥੧੯੫॥

---

੧ਸ੍ਰਿਸ਼ਟ।

ਤਿਲਕ—'ਬ' ਦੀ ਅਨੇਕ ਵਾਰ ਆਬ੍ਰਿਤੀ।

## ਬੈਂਨਗੀ, ਅਨੇਕ ਵਰਨਾਂ ਦੀ ਅਨੇਕ ਵਾਰ ਆਬ੍ਰਿਤੀ

ਕਬਿੱਤ—ਮੰਡਪ ਮ੍ਰਿਦੰਗ ਪਰ ਮਾਨਨੀ ਮਤੰਗ ਪਰ ਪਲੰਗ ਸੁਰੰਗ ਪਰ ਮੌਜ ਦਰਯਾਵ ਹੈ। ਬਨ ਬਾਗ ਬੀਹੀ ਬਾਰ ਬਾਰਕਾਂ ਬਿਲਾਸ ਪਰ ਧਾਰੀ ਰਹੀ ਛਬਿ ਸੋ ਕਲੇਸ਼ ਦਾ ਅਭਾਵ ਹੈ। ਨਰ ਨੀਰ ਨਾਰੀਆਂ ਤੇ ਨਾਗ ਨਾਦਕਾਰੀਆਂ ਤੇ ਨਦੀ ਨਭ ਮੰਡਲ ਤੇ ਉੱਜਲ ਉਜੜਾਵ ਹੈ। ਮੋਹਨ ਔਤਾਰੀ ਪ੍ਰਾਣ ਪਿਆਰੀ ਏ 'ਕੇਹਰਿ' ਕਵਿ ਜਹਾਂ ਤਹਾਂ ਦੇਖੀਏ ਸਰਦ ਦਾ ਪ੍ਰਭਾਵ ਹੈ॥੧੯੬॥

ਤਿਲਕ—ਮ, ਗ, ਨ, ਰ ਆਦੀ ਅਨੇਕ ਵਰਣਾਂ ਦੀ ਅਨੇਕ ਵਾਰ ਆਬ੍ਰਿਤਿ।

## (ੲ) ਯਮਕਾਨੁਪ੍ਰਾਸ, ਲੱਛਣ

ਦੋਹਿਰਾ—

ਮੁੜ ਮੁੜ ਆਵੇ ਸ਼ਬਦ ਜੋ ਅਰਥ ਹੋਰ ਹੋ ਤਾਸ।
ਭਾਵੇਂ ਭੰਗ ਅਭੰਗ ਪਦ ਸੋਇ ਯਮਕ ਅਨੁਪ੍ਰਾਸ॥੧੯੭॥

## ਬੈਂਨਗੀ

ਦੋਹਿਰਾ—

ਸਾਰੰਗ ਗਾਵੇ ਸਾਰਙੀ ਸਾਰਙ ਹੀ ਸਾਰੰਗ।
ਮਾਨ ਮਾਨਨੀ ਮਾਨ ਨਾ ਸਾਰਙ ਸਾਰੰਗ ਰੰਗ।੧੯੮॥

ਭਾਵ—ਮਾਨਨੀ ਨਾਯਕਾ ਨੂੰ ਸਖੀ ਕਹਿੰਦੀ ਹੈ ਕਿ ਬੱਦਲ ਹੀ ਬੱਦਲ ਛਾਏ ਹੋਏ ਹਨ ਅਤੇ ਮੋਰ ਯਾ ਪਪੀਹੇ ਗਾ ਰਹੇ ਹਨ। ਤੂੰ ਮਾਨ ਛੱਡਕੇ ਬੱਦਲ ਵਰਗਾ ਹੀ ਰੰਗ ਬਣਾ

. Sri Satguru Jagjit Singh Ji eLibrary NamdhariElibrary@gmail.com .

ਲੈ ਅਰਥਾਤ ੧ਅਭਿਸਾਰਿਕਾ ਬਣਕੇ ਨਯਕ ਕੋਲ ਜਾ।

ਇਸ ਵਿਚ 'ਸਾਰੰਗ' ਅਤੇ 'ਮਾਨ' ਦੇ ਹਰ ਬਾਰ ਹੋਰ ਹੀ ਅਰਥ ਹੋਏ, ਕਦੇ ਪਦ ਭੰਗ ਹੋਯਾ ਕਦੇ ਅਭੰਗ ਹੀ ਰਿਹਾ ਅਤੇ ਕਦੇ ਕਿਸੇ ਪਦ ਦਾ ਟੁਕੜਾ ਦੂਜੇ ਪਦ ਦਾ ਅੰਗ ਬਣਿਆ।

## (ਸ) ਲਾਟਾਨੁਪ੍ਰਾਸ, ਲੱਛਣ

ਦੋਹਿਰਾ—

ਇਕ ਸ਼ਬਦ ਇਕ ਅਰਥ ਦੇ ਦੋਵੇਂ ਵਾਕ੍ਯ ਸਮਾਨ।
ਤਾਤਪ੍ਰਯ ਵਿਚ ਭੇਦ ਹੋ ਤਿਸੇ ਲਾਟ ਪਹਿਚਾਣ ॥੧੯੯॥

### ਬੰਨਗੀ

ਦੋਹਿਰਾ—

ਚਰਨ ਪਰਸ ਗੁਰਦੇਵ ਬਿਨ ਸਭ ਹੀ ਪਾਕ 'ਨਪਾਕ'।
ਚਰਨ ਪਰਸ ਗੁਰਿਦੇਵ ਕਹਿ ਸਭੇ 'ਪਾਕ' ਨਾਪਾਕ ॥੨੦੦॥

ਤਿਲਕ—ਸ੍ਰੀ ਗੁਰੂ ਚਰਨ ਪਰਸਣ ਬਿਨਾਂ ਪਾਕ ਭੀ ਨਪਾਕ ਅਤੇ ਪਰਸਣ ਨਾਲ ਨਾਪਾਕ ਭੀ ਪਾਕ ਹੋ ਜਾਂਦੇ ਹਨ।

## (ਹ) ਵੀਪਸਾ ਲੱਛਣ

ਦੋਹਿਰਾ—

ਪੁਨਰੁਕਤੀ ਦੀ ਧਾਰਨਾ ਅਤਿ ਆਦਿਰ ਸੰਗ ਹੋਇ।
ਮੰਦ ਵਾਕ੍ਯ ਤਿਸ ਬਿਨ ਲਗੇ ਜਾਣ ਵੀਪਸਾ ਸੋਇ ॥੨੦੧॥

---

੧ਜਦੋਂ ਕੋਈ ਨਾਇਕਾ ਅਪਣੇ ਪਿਆਰੇ ਨੂੰ ਮਿਲਣ ਜਾ ਰਹੀ ਹੋਵੇ ਉਹਨੂੰ ਕਾਵ੍ਯ ਵਿਚ 'ਅਭਿਸਾਰਕਾ' ਨਾਯਕਾ ਕਹਿੰਦੇ ਹਨ। ਨਾਯਕਾ ਭੇਦ 'ਗੁਰੂ ਕਾਵ੍ਯ ਦਰਸ਼ਨ' ਦੀ ਚੌਥੀ ਝਲਕ ਵਿਚ ਹੋਸੀ।

. Sri Satguru Jagjit Singh Ji eLibrary NamdhariElibrary@gmail.com .

## ਬੰਨਗੀ

ਦੋਹਿਰਾ—

ਧੜ ਧੜ ਤੋਪਾਂ ਚਲੀਆਂ ਤੜ ਤੜ ਚਲੀ ਬੰਦੂਕ ।
ਬੜੁਕ ਬੜੁਕ ਸੂਰੇ ਲੜੇ ਗੜੁਕ ਗੜੁਕ ੧ਪਈ ਘੂਕ ॥੨੦੨॥

ਤਿਲਕ—ਜੇ 'ਧੜ ਧੜ' ਆਦੀ ਨ ਕਹਿ ਕੇ ਕੇਵਲ 'ਧੜ' ਆਦੀ ਹੀ ਕਹੀਏ ਤਾਂ ਰਚਨਾ ਫੇੜੀ ਲਗਦੀ ਹੈ ਇਸ ਲਈ 'ਵੀਪਸਾ' ਭੂਸ਼ਣ ਹੈ ।

## ੨. ਚਿਤ੍ਰਾਲੰਕਾਰ ਵਰਣਨ

ਦੋਹਿਰਾ—

ਪ੍ਰਸ਼ਨੋਤ੍ਰ ਬਾਣੀ ਚਿਤ੍ਰ, ਪਾਠਾਂਤਰ, ਸੰਗ ਜਾਨ ।
ਹੋਰ 'ਲੇਖਨੀ ਚਿਤ੍ਰ' ਸੁਭ ਚਿਤ੍ਰ ਕਾਵ੍ਯ ਪਹਿਚਾਨ ॥੨੦੩॥

## ਪ੍ਰਸ਼ਨੋਤਰ ਲੱਛਣ

ਦੋਹਿਰਾ—

ਕਹੇ ਛੰਦ ਵਿਚ ਉਤ੍ਰ ਹੋ ਅੰਤਿਰ ਲਾਪਕ ਸੋਇ ।
ਬਹਿਰਲਾਪਕਾ ਲਾਂਭ ਤੇ, ਪ੍ਰਸ਼ੋਨੋਤ੍ਰ ਬਿਧ ਦੋਇ ॥੨੦੪॥

## ਅੰਤਿਰਲਾਪਕਾ ਪ੍ਰਕਾਰ

ਦੋਹਿਰਾ—

ਕਮਲ ਬੰਦ ਗੁਪਤੋਤ੍ਰ ਹੈ, ਉਤਰ ਅਨੇਕਾਂ ਏਕ ।
ਜੋਇ ਪ੍ਰਸ਼ਨ ਸੋ ਉਤਰ ਹੈ ਅੰਤਿਰਲਾਪ ਅਨੇਕ ॥੨੦੫॥

---

੧ਪਈ ਦੀਆਂ ੨ ਮਾਤ੍ਰਾਂ ਕਰਕੇ ਪੜ੍ਹੋ ।

## ੧. ਕਮਲ ਬੰਦੋਤਰ ਬੰਨਗੀ—

ਮਦਰਾ ਸੈਯਾ—ਬੀਜ ਬੁਏ ਕਿਵ ? ਕਾਜ ਮੁਕੇ ? ਜਗ ਕੌਣ ਬੜਾ ਅੰਗ ਕੇ ਦਿਸ਼ਕਾ ?। 'ਕੇਹਰਿ' ਅੰਗ ਕਹੋ ਹਲਕਾ ਕਹੁ ਕੌਲ ਗੁਮ ਨ ਕਰੇ ਕਿਸ ਕਾ। ਕੌਣ ਅਲੰਬ ਕਹੋ ਰਸ ਕਾ ਨਰ ਕੈ ਰਹੇ ਬਲ ਜਾਂ ਖਿਸਕਾ ?। ਸਾਹਿਬ ਪ੍ਰੀਤ ਹਟੇ ਕਿਵ 'ਕੇਹਰਿ' ਕੇ ਮਨ ਚਾਉ ਸਦਾ ਕਿਸ ਕਾ ? ॥੨੦੬॥

ਤਿਲਕ—'ਕੇਹਰਿ' ਦੇ 'ਰਿ' ਉਤੇ ਅੱਖਰ ਇਕ ੨ ਕਰਕੇ ਲਾਇਆਂ ਵਾਰੋ ਵਾਰੀ ਸਭ ਪ੍ਰਸ਼ਨਾਂ ਦੇ ਉੱਤਰ ਨਿਕਲਦੇ ਹਨ।

ਜੈਸੇ ਜੀਉ ਕਿਵੇਂ ਬੀਜੀਂਦਾ ਹੈ ? ਉਤਰ—'ਕੇਹਰਿ' ਦੀ 'ਰਿ' ਦੇ ਮੁਹਰੇ ਏਸੇ ਤੁਕ ਦੇ ਪਿਛਲੇ ਅੱਧ ਦੇ ਅੱਖਰਾਂ ਨੂੰ ਇਕ ੨ ਕਰਕੇ ਲਾਇਆਂ ਉਤਰ ਨਿਕਲਿਆ। ਸੋ 'ਕੇ' ਨੂੰ 'ਰਿ' ਮੁਹਰੇ ਲਾਕੇ 'ਕੇਰਿ' ਬਣਿਆ। ਏਹੋ ਪ੍ਰਸ਼ਨ ਦਾ ਉਤਰ ਹੈ। ਦੂਜਾ ਪ੍ਰਸ਼ਨ ਹੈ ਕਿ ਕੰਮ ਕੇਵੇਂ ਮੁਕੇ ? ਉਤਰ (ਮ-ਰਿ) ਮਰਿ ਏਸ ਤਰਾਂ ਬਾਕੀ ਦੇ ਅੱਖਰ ਭੀ ਲਾਏ ਤਾਂ ਨਰਿ, ਚਰਿ, ਉਰਿ, ਸਰਿ, ਛਾਰਿ, ਕਿਰਿ (ਘਟਕ) ਸਰਿ (ਬਰਾਬਰੀ ਕਰਕੇ ਦਾਰਿ (ਇਸਤ੍ਰੀ) ਅਤੇ ਕਾਰਿ, ਉਤਰ ਆਏ। ਇਨ੍ਹਾਂ ਉਤਰਾਂ ਦੇ ਪਦ ਇਕੋ 'ਰਿ' ਦੇ ਆਸਰੇ ਬਣਨ ਕਰਕੇ 'ਕਮਲ' ਦਾ ਆਕਾਰ ਬਣਾ ਦਿੰਦੇ ਹਨ ਇਸ ਲਈ ਇਹ ਕਮਲ ਬੰਦ ਉੱਤਰ ਹੈ। ਜੈਸੇ—

. Sri Satguru Jagjit Singh Ji eLibrary NamdhariElibrary@gmail.com .

## ੨. ਅਨੇਕਾਂ ਦਾ ਇਕ ਉੱਤਰ—

ਦੋਹਰਾ—

ਸ਼ਬਦ ਮੂਲ ਕੀ ? ਵੈਸ਼ਕੀ ਦੁਖੀ ਬਾਲਿ ਕਿਉਂ ਹੋਇ ।
ਨਾਰ੧ ਵਿਟਿਰਕੇ ਅੰਗ ਕਿਸ ? ਕਹੋ ਬਰਨ ਸਭ ਕੋਇ ॥੨੦੭॥

ਤਿਲਕ—ਸ਼ਲੇਖ ਦ੍ਵਾਰਾ ਅੱਖਰ, ਜਾਤੀ, ਲਾਞ੍ਹਾ ਨ ਹੋਣਾ, ਅਤੇ ਭੈੜਾ ਕ੍ਰਮ ਕਰਕੇ ਉੱਤਰ ਸਮਝੋ ।

## ੩. ਗੁਪਤੋਤਰ, ਬੰਨਗੀ

ਦੋਹਿਰਾ—

ਬਿਪਦਾ ਕੌਣ ਨਿਵਾਰਦਾ ਕੌਣ ਕਰੇ ਜਸ ਨਿੱਤ ।
ਕਵਣ ਪਿਆਰਾ ਜਾਨ ਤੇ 'ਕੇਹਰਿ' ਆਖੇ ਮਿੱਤ ॥੨੦੮॥

ਅੰਤਲੇ ਹਿਸੇ ਵਿਚ ਹੀ 'ਮਿੱਤ' ਉੱਤਰ ਹੈ ।

## ੪. ਬੰਨਗੀ ਜੋ ਪ੍ਰਸ਼ਨ ਸੋਈ ਉੱਤਰ—

ਦੋਹਿਰਾ—

ਕੋਕਲ ਬੋਲੇ ? ਕਾਮਣੀ ? ਕਾਕਾਲੀ ? ਕਾਵਜੰਗ ?
ਕੰਪਤਿ ਧੀਰਜ ਦੇਇ ਕਹੁ ? ਕੀਰਤਿ ਕਰਨ ? ਦੰਗ ?੨੦੯॥

ਤਿਲਕ—ਕੋਣ ਸੁੰਦਰ ਬੋਲੇ ? ਮਣੀ ਕੌਣ ਹੈ ? ਕਾਲੀ ਕੀ ਹੈ ? ਵਜੰਗ ਕੀ ਹੈ ? ਪਤੀ ਕਿਹਨੂੰ ਧੀਰਜ ਦਿੰਦਾ ਹੈ ? ਮ੍ਰਿਦੰਗ ਕੇਹੀ ਪ੍ਰੀਤੀ ਕਰਦੇ ਹਨ ? ਇਨ੍ਹਾਂ ਦੇ ਕ੍ਰਮ ਤੇ 'ਕੋਕਲ' ਕਾਮਣੀ, ਕਾਵਾਂ ਦੀ ਡਾਰ, ਕਾਵਜ ਦਾ ਅੰਗ, ਕੰਬਦੀ ਹੋਈ ਨੂੰ, ਅਤੇ 'ਕੀਰਤਨ' ਏ ਉਤਰ ਵਿਚੋਂ ਹੀ ਨਿਕਲੇ ।

---

੧ਨਿੰਦਦੀ ਹੈ ।

Sri Satguru Jagjit Singh Ji eLibrary NamdhariElibrary@gmail.com

## ਵਹਿਰਲਾਪਕਾ ਵਰਣਨ

ਛਪਾ–ਕਵਨ ਭੋਗ ੧'ਅਸਥਾਨ' ੨ਰੌਣ ਦੇ ਸੀਸ ਬਤਾਵੇ। ਗੁਰਿ ਤੋਂ ਨਰ ਕੀ ਪਾਇ? ਪਬੰਧ ਦਾ ਮੂਲ ਸੁਨਾਵੇ। ਕੌਣ ਖਿੜਾਵੇ ਪਫੁੱਲ? ੭ਚਾਰ ਤਰਫ ਕੀ ਭੂਪਕੇ। ਕਿਸੇ ੭ਬੁਝਾਵੇ ਪੁਰਖ ਨਾਰ ਬਹੁਤ ਕੀ ਕਰ ਸਕੇ੮। 'ਕੇਹਣਿ' ਕੌਣ ਸਕਾਵੇ ੯ਜਾਨ, ਕਵਣ ੧੦ਮਿੱਤ, ਅਰਿਜੀਵ ੧੧ਕਹਿ। ੧੨ ਕੌ ਹਨੁਮਤ? 'ਸ੍ਰੀ ਦਸਮੇਸ਼ ਅਰੁ 'ਸਤਿਗੁਰਿ ਨਾਨਕ ਉਰੂ ਕਹਿ ॥੨੧੦॥

ਤਿਲਕ–ਸੂਰ, ਦਸ, ਸੰਤ, ਮੇਰ, ਸ਼ਸ਼ਿ, ਸਭਾ, ਤਿਖਾ, ਗੁੱਸਾ, ਰਿਣ, ਨਾਮ, ਨਸ਼ਾ, ਕਪਿ। ਇਨ੍ਹਾਂ ਉਤਰਾਂ ਦਾ ਆਦਿ ਵਰਣ ਲੈਕੇ 'ਸ੍ਰੀ ਦਸਮੇਸ਼' ਸਤਿਗੁਰੂ ਨਾਨਕ' ਲਿਖਿਆ। ਸੋ ੧ਆਦਿ ਵਰਣ ਅਲਾਪਕਾ।

## ਸੂਚਨਾ

ਅਸਲ ਵਿਚ ਇਹ ਆਲਾਪਕਾ ਅਭਿਧਾ ਮੂਲਕ ਨ ਹੋਣ ਕਰਕੇ ਨਖਿੱਧ ਕਾਵ੍ਯ ਵਿਚ ਸਮਝਣੀ ਚਾਹੀਏ। ਕਿਉਂਕਿ ਇਸਦੇ ਉੱਤਰ ਪ੍ਰਸ਼ਨ ਕਰਤਾ ਯਾ ਰਚਣਹਾਰ ਦੀ ਇੱਛਾ ਅਨੁਸਾਰ ਹੀ ਹੁੰਦੇ ਹਨ। ਸਹਬ ਸਾਧਾਰਨ ਦੇ ਅਨੁਭਵ ਵਿਚ ਓਹੀ ਨਹੀਂ ਫੁਰ ਸਕਦੇ ਜੇ ਫੁਰਨ ਭੀ ਤਾਂ ਉੱਤਰ ਦਾਤੇ ਨੂੰ ਇਹ ਪਤਾ ਜ਼ਰੂਰ ਨਹੀਂ ਹੁੰਦਾ ਕਿ ਰਚਣਹਾਰ ਨੇ ਇਕੋ ਅਰਥ ਵਾਲਾ ਕਿਹੜਾ ਸ਼ਬਦ ਲਿਆ ਹੈ।

---

੧ਏਸੇ ਤਰਾਂ ਮੱਧ ਵਰਣ ਅਤੇ ਅੰਤ ਵਰਣ ਭੀ ਲਈਦੇ ਹਨ।

Sri Satguru Jagjit Singh Ji eLibrary NamdhariElibrary@gmail.com

## (ਅ) 'ਬਾਣੀ ਚਿਤ੍ਰਾਲੰਕਾਰ' ਵਰਣਨ

ਦੋਹਿਰਾ—

'ਮੁਕਤਿ ਵਰਣ' 'ਸੁ ਅਧਰ' ਬਿਨ 'ਮਿਲਵੇਂ ਦੋਵੇਂ' ਜਾਨ।
'ਅੰਖਰ ਨਿਯਮਤ' ਰੱਖੀਏ, ਹੋਰ ਅਜਿਹਵਾ ਮਾਨ ॥੨੧੧॥

## ਬੈਨਰੀ, ੧. ਮੁਕਤੇ ਵਰਣ

ਦੋਹਿਰਾ—

ਹਰਨ ਭਰਨ ਸਦ ਸਗਲ ਜਗ ਅਮਰ ਕਰਨ ਭਯ ਹਰਨ।
ਭਵਨ ਧਰਨ ਅਜ ਅਮਰ ਤਨ ਚਰਨ ਸ਼ਰਨ ਨਰ ਤਰਨ॥੨੧੨॥

## ੨. ੧ਅਧਰ ਵਿਹੂਣਾ ਲੱਛਣ

ਦੋਹਿਰਾ—

'ਅਧਰ ਵਿਛੋੜਾ' ਜਾਨੀਏ ਵਰਣ ਪਵਰਗ ਨ ਜਾਸ।
ਉਸੇ ਨਿਰੁਸ਼ਟਾ ਕਹਿਣ ਕਵਿ੨ਉਸ਼ਟੀ ਵਰਣ ਨਤਾਸ ॥੨੧੩॥

ਸ੍ਵੈਯਾ—ਜਾਸ ਨ ਅੰਤ ਨਯਾ ਰਿਖ ਨਾਰਦ ਤੇ ਹਰਿ ਆਦਿਕ ਹਾਰ ਥਕੇ। ਗ੍ਰੰਥ ਹਜ਼ਾਰਹਿ ਗਾਇ ਰਹੇ ਸਦ ਧਯਾਨ ਕਰੇਂ ਤਿਸ ਦਾਤਕ ਕੇ। ਗਾਇ ਰਹੇ ਜਸ ਇੰਦ੍ਰ ਗਜਿੰਦ੍ਰ ਧਨੇਸ਼ ਨਰੇਸ਼ ਅਧਾਰ ਤਕੇ। ਏਹੁ ਨ ਅੰਤ ਲਹੇਂ ਜਦ 'ਕੇਹਰਿ' ਕੀ ਮਤਿ ਤਾਸ ਕੀ ਜਾਨ ਸਕੇ ॥੨੧੪॥

## ੩. ੩ਨਿਰ੍ਹਸ੍ਵਾਮਤ ਲੱਛਣ

ਦੋਹਿਰਾ—

ਵਰਣ ਓਸ਼ਟੀ ਹੋਣ ਨ ਮੁਕਤੇ ਅਰੁ ਸਭ ਵਰਨ।
ਤਿਸੇ ਨਿਰੁਸ਼ਟਾ ਮੱਤ ਸੋ ਕਹਿਣ ਕਵੀ ਮਨਹਰਨ ॥੨੧੫॥

---

੧ਬੁਲ੍ਹ ਨ ਮਿਲਣੇ। ੨ਬੁਲ੍ਹਾਂ ਦੇ ਅੱਖਰ। ੩ਨਾਲੇ ਬੁਲ੍ਹ ਨਾ ਲਗਣੇ ਨਾਲੇ ਮਾਤਰਾਂ ਤੋਂ ਰਹਿਤ ਅੱਖਰ ਹੋਣੇ।

## ਬੈਂਨਗੀ

ਘਨਾਸਰੀ—ਕਰਤ ਧਰਤ ਅਰ ਹਰਤ ਸਗਲ ਜਗ, ਅਜਰ ਅਛਰ ਤਨ ਸਕਲ ਅਕਲ ਧਰ। ਸ਼ਰਨ ਧਰਤ ਨਰ ਤਰਤ ਜਗਤ ਜਲ ਸਗਲ ਰਟਣ ਜਸ ਅਦਲ ਕਰਨ ਕਰ। ਨਰਕ ਕਦਨ ਜਨ ਦਰਦ ਦਲਨ ਗਤ ਸਜਨ ਕਰਨ ਹਤ ਖਲਨ ਸਕਲ ੪ਧਰ। ਸਰਸ ਚਰਨ ਧਰ ਸ਼ਰਨ ਅਖਜ ਜਸ ਜਪ, ਜਪ ਜਪ ਕਰਨ ਅਘਨ ਨਰ ਹਰ ॥੨੧੬॥

## ੪. ਅਜਿਹਵਾ ਲੱਛਣ

ਦੋਹਿਰਾ—

ਸੂਰਹਿ ਕਵਰਗ ਪਵਰਗ ਕਰਿ ਹੋਰ ਵਰਣ ਸਭ ਹੀਨ।
ਤਿਸੈ ਅਜਿਹਵਾ ਕਹਿਣ ਸਭ 'ਕੇਹਿਰ' ਕਵੀ ਪ੍ਰਬੀਨ ॥੨੧੭॥

## ਬੈਂਨਗੀ

ਸ੍ਵੈਯਾ—ਪਾਪ ਕਹੋ ਕਿਹ ਆਇ ਕਥੋ ਮੁਹਿ ਕਾਹਿ ਕਯਾ ਪਿਯ ਕੋਪ ਅਭੰਗਾ। ਅੰਗੀਆ ਕੋ ਪਗ ਪਾਇ ਖਿਮੋ ਕਬ ਆਇ ਗਹੋਂ ਪਿਯ ਮੋਹਿ ਕੇ ਅੰਗਾ। ਖੇਹ ਹੁਵਾਂ ਪਗ ਪੀਅ ਬਹਾਂ ਮਮ ਹੀਯ ਮੋਂ ਹੋਵਹਿ ਏਹੁ ਉਮੰਗਾ। ਮੈਂ ਉਪਮਾ ਕਹਿਕੇ ਕਬ ਖੇਮ ਗਹਾਂ ਮਮ ਅੰਬ ਪਯੂਖ ਔ ਗੰਗਾ ॥੨੧੮॥

ਤਿਲਕ—ਜੀਭ ਫੜਕ ਬੇਸ਼ਕ ਪੜ੍ਹੋ।

---

੪ਪ੍ਰਬਵੀ।

## ਪ. ਅੱਖਰ ਨਿਯਮਤ ਲੱਛਣ

ਦੋਹਿਰਾ—

ਅੱਖਰ ਔਣ ਬੰਧੇਜ ਦੇ ਅੱਖਰ ਨਿਯਮਤ ਚਿੱਤ੍ਰ।
ਇਕ ਤੋਂ ਲੈ ਕੇ ਸੱਤ ਕਰਿ ਫਬਣ ਹੋਰ ਨਾ ਮਿੱਤ੍ਰ ॥੨੧੯॥

## ਬੰਨਗੀ ਇਕੋ ਅੱਖਰ ਦੀ

ਦੋਹਿਰਾ—

ਕਾਕਾ ! ਕੋਕੇ ਕੀ ਕਕੇਂ ਕੋਕਾਂ ਕੇ ਕਕ ਕੋਕ।
'ਕੋ ਕੋ' ਕੂ ਕੇ ਕਾਕ ਕੇ ਕੀ? ਕੋ ਕੂਕੇ ਕੋਕ ॥੨੨੦॥

ਅਰਥ—ਹੇ ਕਾਂ ਤੂੰ ਚਕਵੇ ਦੇ ਬੋਲ ਬੋਲਕੇ 'ਕੋ ਕੋ' ਕੀ ਕਰਦਾ ਹੈਂ ਭਲਾ ਕੋਈ ਕਾਂ ਦੇ 'ਕੋ ਕੋ' ਕਰਨ ਤੇ ਉਹਨੂੰ ਚਕਵਾ ਕਹੇਗਾ ?

## ਦੋ ਅੱਖਰ ਨਿਯਮਤ

ਦੋਹਿਰਾ—

ਰਮ ਰਮ ਰੋਮਾ ਰੋਮ ਮੇਂ ਮੇਰੇ ਰਾਮ ਮੁਰਾਰਿ।
ਮੁੜਿ ਮੁੜਿ ਮਾਰੇਂ ਮਾਰ ਮੁਰ ਰਮੇ ਰਾਮ ਮੁਰਿਮਾਰ ॥੨੨੧॥

ਅਰਥ—ਰਾਮ ਮੁਰਾਰਿ ਮੇਰੇ ਰੋਮ ਰੋਮ ਵਿਚ ਰਮ ਕੇ ਕਾਮ ਰੂਪ ਮੁਰ (ਦੈਤਯ) ਨੂੰ ਮੁੜ ੨ ਕੇ ਮਾਰ ਰਹੇ ਹਨ ਇਸ ਪ੍ਰਕਾਰ ਰਾਮ 'ਮੁਰ' ਦੇ ਮਾਰਨ ਵਿਚ ਕ੍ਰੀੜਾ ਕਰ ਰਹੇ ਹਨ।

## (ਬ) 'ਪਾਠਾਂਤਰ ਚਿਤ੍ਰ' ਵਰਣਨ

ਦੋਹਿਰਾ—

ਵਰਣ ਬਦਲ, ਮੱਥਾਖਰੀ ਹੋਰ 'ਬੁਝਾਰਤ' ਆਦਿ।
ਏ ਪਾਠਾਂਤਰ ਚਿਤ੍ਰ ਹਨ ਆਖਨ ਕਵੀ ਮੁਯਾਦਿ ॥੨੨੨॥

Sri Satguru Jagjit Singh Ji eLibrary NamdhariElibrary@gmail.com

## ੧. 'ਵਰਣ ਬਦਲ'

ਦੇ ਲੱਛਣ ਤੇ ਉਦਾਹਰਣ ਬੜੇ ਗ੍ਰੰਥ ਵਿਚ ਦੇਖ

## ੨. 'ਮਧਾਖਰੀ' ਲੱਛਣ

ਦੋਹਿਰਾ—

ਇਕ ਇਕ ਵਰਣ ਤਿਆਗ ਕੇ ਰਹਿੰਦੇ ਅੱਖਰ ਜੋੜ।
ਪੜ੍ਹੋ ਪਾਲ ਮੱਧਾਖਰੀ ਮਤਲਬ ਹੋਰ ਨਿਚੋੜ ॥੨੨੪॥
ਸ਼ੋਕ ਹਰਨ ਤਾ ਨਰਨ ਕੇ ਜਹਿ ਗੁਰਿ ਭਗਤੀ ਰਾਗ।
ਅਮਰ ਦਾਤ ਖਾਰਜਿ ਭਲਾ ਚਲੋ ਸੁਧਜਾਵੇ ਨਾਗ ॥੨੨੫॥

ਸੂਚਨਾ—ਇਸ ਵਿਚ 'ਸੋ' ਆਦਿ ਤੋਂ ਇਕ ੨ ਅੱਖਰ ਛਡ ਕੇ ਵਿਚਕਾਰਲੇ ਅੱਖਰ 'ਕ' ਆਦਿ ਪੜ੍ਹੀਏ ਤਾਂ ਦੋਹਾਂ ਤੁਕਾਂ ਵਿਚੋਂ "ਕਰਤਾਰ ਕੇਹਰਿ ਗਰਾਮ ਦਾਖਾ ਜ਼ਿਲਾ ਲੁੱਧਜਾਨਾ ਨਿਕਲਦਾ ਹੈ।

## ੩. ਬੁਝਾਰਤ ਦੀ ਬੰਨਗੀ

ਚੌਪਈ—ਨਾਲੋਂ ਪਹਿਲਾ ਸ਼ਬਦ ਹਟਾਇ। ਹੋ ਭਖ ਧਾਤੂ ਕੇਰਿ ੧ਪ੍ਰਜਾਇ। ਪਹਿਲਾ ਸ਼ਬਦ ਲੋਟ ਦਾ ਨਾਮ। ਬੁੱਝੋ ਗਯਾਨੀ ਕੌਣ ਗਰਾਮ ॥੨੨੫॥

ਤਿਲਕ-ਦਾਖਾ।

---

੧ਹਮ ਮਾਇਨੇ—ਮੁਤਰਾਦਿਫ।

. Sri Satguru Jagjit Singh Ji eLibrary NamdhariElibrary@gmail.com .

## (ਸ) ਲੇਖਣੀ ਚਿੱਤ੍ਰ ਲੱਛਣ

ਦੋਹਿਰਾ—

ਖੜਗ ਆਦਿ ਦਾ ਰੂਪ ਲਿਖ ਤਿਸਤੇ ਵਰਣ ਖਿੰਡਾਇ।
ਜਦ 'ਲੇਖਣੀ ਚਿਤ੍ਰ' ਤਿਸ ਘਟ ਵਧ ਦੋਸ਼ ਨ ਕਾਇ[੨] ॥੨੨੬॥

## ਪ੍ਰਕਾਰ

ਦੋਹਿਰਾ—

ਖੜਗ, ਹਾਰ ਅਰੁ ਛੁਣਛੁਣਾ ਚੌਕੀ ਬੰਦ ਵਿਚਾਰ।
ਤ੍ਰਿਪਦੀ ਬੰਦ ਸੁ ਛੰਦ ਕਰਿ ਬੰਦ ਕਰਾਂ ਵਿਸਥਾਰ ॥੨੨੭॥

## ੧. ਬੰਨਗੀ, ਖੜਗਬੰਦ

ਦੋਹਿਰਾ—

ਫਿਰ ਫਿਰ ਫਿਰ ਚਰਨੀ ਲਗਾ ਜਗਾ ਜਗਾ ਘੁਮ ਆਇ।
ਓੜ ਨਿਭੇ ਸ੍ਰੀ ਸਤਿਗੁਰੋ ਹਰਦਮ ਕਰੋ ਸਹਾਇ ॥੨੨੮॥

ਤਿਲਕ—ਦੂਜਾ, ਚੌਥਾ, ਛੇਵਾਂ, ੧੧ ਵਾਂ ੧੩ ਵਾਂ ੧੫ ਵਾਂ ਸਮਾਨ ਅੱਖਰ ਹਨ। ਦੂਜੀ ਤੁਕ ਸਰਲ ਹੀ ਹੈ।

## ੨. ਹਾਰ ਬੰਦ

ਦੋਹਿਰਾ—

ਧਰ ਧਰ ਮਲ ਮਲ ਭਾਲ ਨਿਜ ਭਜ ਅਜ ਨਰ ਕਰਤਾਰ।
ਤਨਮਨਧਨ ਅਤਿ ਚੇਤਿਅਤਿ ਮਤਿਗਤਿਅਤਰ ਅਪਾਰ।੨੨੯।

---

੨ਲੇਖਣੀ ਚਿਤ੍ਰ ਵਿਚ ਖ ਦਾ ਵ, ਯ ਦਾ ਜ ਅਥਵਾ ਟਿੱਪੀ, ਬਿੰਦੀ ਦੇ ਲੱਗਣ ਨਾਲ ਗਣ ਦਾ ਕੋਈ ਵਿਚਾਰ ਨਹੀਂ ਕਰੀਦਾ।

ਤਿਲਕ—ਪਹਿਲਾ ਚੌਥਾ, ਛੇਵਾਂ, ੯ਵਾਂ, ੧੦, ਆਦੀ ਅਖਰਾਂ ਦੀ ਸਮਾਨਤਾ ਹੈ।

## ੩. ਚੌਕੀ ਬੰਦ

ਛੰਦ—ਸਰਸ ਚਰਨ ਗੁਰ ਦੇਵ ਨੂੰ ਰਿਹਾ ਜੀਅੜਾ ਤਰਸ।
ਸਰਤ ਮੇਂ ਡੁਬਦਾ ਜਾਨਕੇ ਲੋਚਾਂ ਚਰਨਨ ਪਰਸ।
ਸਰਪ ਸਮਾਨ ਕਾਲ ਖਾਵੇ ਦੇਹ ਨੂੰ ਹਿਰਦੇ ਦਰਸ।
ਸਰਦ ਸੁੰਦਰੀ ਦੇਹ ਮੇਂ ਵੇਖਾਂ ਕਿਵ ਰੂਪ ਜੋ ਸਰਸ ॥੨੩੦॥

ਤਿਲਕ ਹਰੇਕ ਦੇ ਅੰਤਲੇ ੩ ਅੱਖਰਾਂ ਨੂੰ ਉਲਟਾਕੇ ਅਗਲੀ ਦਾ ਆਦਿ ਬਣਿਆ। ਅਤੇ ਪਿਛਲੀ ਦੇ ਅੰਤਲੇ ਤਿੰਨਾਂ ਦਾ ਉਲਟ ਰੂਪ ਆਦਿਲੀ ਦੇ ਪਹਿਲੇ ੩ ਅੱਖਰ ਹਨ। ਇਹ 'ਵਰਣ ਬ੍ਰਿਤ' ਦਾ ੧੯ ਅੱਖਰਾ ਛੰਦ ਹੈ।

## ੪. ਛੁਟਛਟਾ ਛੰਦ

ਦੋਹਿਰਾ—

ਭਗਵਤਿ ਸੁਰਪਤਿ ਲੋਕਪਤਿ ਦੇਵੀਪਤਿ ਵਿਸ੍ਵਨਾਥ।
ਚਰਨਨ ਪਦਮਨ ਸੇਵਜਨ ਸਦ ਮਨ ਟੇਕੋ ਮਾਥ ॥੨੩੧॥

ਤਿਲਕ—ਤਿੰਨ ੨ ਅੱਖਰ ਲਾਂਹਿ ਆਕੇ ਇਕੋ 'ਤਿ' ਉਤੇ ਲਗੇ, ਏਵੇਂ ਹੀ ਦੂਜੇ ਪਾਸੇ 'ਨ' ਉਤੇ ਲਗੇ ਅਤੇ ਅੰਤਮ ਵਰਣ 'ਥ' ਦੋਹਾਂ ਤੁਕਾਂ ਦਾ ਸਾਂਝਾ ਹੈ।

## ੫. ਚਰਨ ਗੁਪਤ 'ਤ੍ਰਿਪਦੀ' ਲੱਛਣ

ਦੋਹਿਰਾ—

ਚਾਰ ਚਰਣ ਦੇ ਵਰਣ ਜਦ ਤਿੰਨ ਚਰਣ ਵਿਚ ਔਣ।
ਚਰਨ ਗੁਪਤ ਸੋ ਤਿਰਪਦੀ 'ਨੇਹਤਿ' ਕਵਿ ਦਿਖਲੌਣ ॥੨੩੨॥

## ਛੈਨਗੀ

ਦੋਹਿਰਾ—

ਕਰਿ ਕਰਿ ਮੋਏ ਪਾਪ ਨਰ ਨਾਮ ਦਾਨ ਗਤ ਭੂਲ ।
ਹਰਿ ਹਰਿ ਕੀਏ ਪਾਪ ਹਰ ਕਾਮਧੇਨ ਪਤ ਮੂਲ ॥੨੩੩॥

## ਉਭਯਾਲੰਕਾਰ' ਵਰਣਨ

ਦੋਹਿਰਾ—

ਹੈ ੧ਸ਼ਲੇਖ ਬਕ੍ਰੋਕਤਿ ਅਰੁ ਤੀਜਾ ਮੁੱਦ੍ਰਾ ਜਾਨ ।
ਉਭੇ ਸ਼ਕਤਿ੨ਇਤਯਾਦ ਮੇ ਉਭਯਾਲੰ ਕ੍ਰਿਤ ਮਾਨ ॥੨੩੪॥

## ੧. ਸ਼ਲੇਖਾਲੰਕਾਰ ਲੱਛਣ

ਦੋਹਿਰਾ—

ਜਦੋਂ ਸ਼ਬਦ ਯਾ ਅਰਥ ਦਾ ਬਹੁਤ ਪੱਖ ਮੇਂ ਜੋਗ ।
ਭੂਸ਼ਣ ਜਾਣ ਸ਼ਲੇਖ ਤਿਸ ਕਹਿਣ ਕਵੀਸ਼ਰ ਲੋਗ ॥੨੩੫॥

## ਛੈਨਗੀ, ਸ਼ਬਦ ਸ਼ਲੇਖ

ਦੋਹਿਰਾ—

ਤੱਕਣ ਸਦਾ 'ਸੁਵਰਨ' ਨੂੰ 'ਮਨਕਾ ਮਣਿਕਾ ਮਾਲ ।
'ਚੰਦ ਮੁਖੀ' ਦਾ ਜਸ ਕਹਿਣ ਜਿਨਾਂ ਮਿੱਤ ਗੋਪਾਲ' ॥੨੩੬॥

ਤਿਲਕ—ਕਵੀ ਪੱਖ ਵਿਚ ਸੁਵਰਣ ਦਾ ਅਰਥ ਸੁਭ ਅੱਖਰ । "ਮਨ ਦਾ ਮਾਲ ਮਣਕਾ" ਇਤਨੇ ਦਾ ਅਰਥ 'ਮਨ

---

੧ਜੋ ਇਨ੍ਹਾਂ ਨੂੰ ਸ਼ਬਦਾ ਲੰਕਾਰਾਂ ਵਿਚ ਗਿਣਿਆ ਜਾਂਦਾ ਹੈ ਸੋ ਠੀਕ ਨਹੀਂ ਇਹਦੀ ਵਿਚਾਰ ਵਡੇ ਗ੍ਰੰਥ ਵਿਚ ਕੀਤੀ ਜਾਏਗੀ । ੨ਹੋਰ ਭੀ ਅਲੰਕਾਰ ਇਨ੍ਹਾਂ ਤੋਂ ਬਿਨਾਂ ਹਨ ।

Sri Satguru Jagjit Singh Ji eLibrary NamdhariElibrary@gmail.com

ਦਾ ਮਾਲ ਬੁਧਿ' ਹੈ। 'ਚੰਦ ਮੁਖੀ' ਦਾ ਅਰਥ ਫੁੱਲ ਅਤੇ ਗੋਪਾਲ ਦਾ ਅਰਥ ਰਾਜਾ ਹੈ। ਚੋਰ ਪੱਖ ਵਿਚ ਇਨ੍ਹਾਂ ਦੇ ਅਰਥ ਕ੍ਰਮ ਤੇ ਸੋਨਾ, ਕਾਮਣੀ ਦਾ ਮਾਲ, ਮੂੰਹ ਤੇ ਚੰਦ (ਗਹਿਣਾ) ਪਾਉਣ ਵਾਲੀ ਅਤੇ 'ਗੋਪਾਲ' ਦਾ ਅਰਥ ਗੁੱਜਰ ਆਦਿ ਡੰਗਰਾਂ ਦੇ ਛੇੜੂ ਹਨ ਅਤੇ ਕਾਮੀ ਪੱਖ ਵਿਚ ਸੋਹਣਾ ਰੂਪ, ਮਨ ਨੂੰ ਇਸਤ੍ਰੀ ਦਾ ਮਾਲ ਸਮਝਣਾ ਅਤੇ ਗੋਪਾਲ ਦਾ ਅਰਥ ਕ੍ਰਿਸ਼ਨ ਹੈ। ਸੋ ਸੁਵਰਣ ਆਦਿ ਪਦਾਂ ਦਾ ਮੇਲ ਬਹੁਤ ਪੱਖਾਂ ਵਿਚ ਹੋਣ ਕਰਕੇ ਸ਼ਲੇਖਾਲੰਕਾਰ ਹੈ।

## ਅੰਨਗੀ ਅਰਥ ਸ਼ਲੇਖ

ਕਬਿੱਤ–ਊਚ ਨੀਚ ਰਾਉ ਰੰਕ ਸਭ ਨੂੰ ਸਮਾਇ ਲਏ ਅਤਿ ਹੀ ਡੂੰਘਾਈ ਭਰੀ ਸਾਗਰ ਕੀ ਅੰਸਣੀ। ਸ਼ਾਨ ਭਰੀ ਮਾਨ ਭਰੀ ਜੋਬਨ ਦੇ ਤਾਨ ਭਰੀ ਰਮਕ ਰਮਕ ਚਲੀ ਆਵੇ ਜੈਸੇ ਹੰਸਣੀ। ਕਾਮਨਾ ਮਿਟੌਣ ਨੂੰ ਜੋ ਆਂਵਦਾ 'ਹੋਹਰਿ' ਕਵਿ ਨਰ ਅਣਜਾਣ ਨੂੰ ਨਿਗਲ ਜਾਵੇ ਕੰਸਣੀ। ਇਕਨਾ ਨਿਹਾਲ ਤੇ ਬਿਹਾਲ ਕਰੇ ਇਕਨਾ ਨੂੰ ਟੇਢ ਭੇਢ ਭਰੀ ਯਮਰਾਜਨ ਕੀ ਬੰਸਣੀ ॥੧੩੭॥

ਤਿਲਕ–ਨਦੀ ਅਤੇ ਕੁਲਟਾ ਨਾਯਕਾ ਦੇ ਪੂਰਣ ਵਿਚ ਸ਼ਬਦ ਬਦਲਨ ਨਾਲ ਭੀ ਅਰਥਾਤ ਅਰਥ ਸ਼ਕਤੀ ਨਾਲ ਭੀ ਬਹੁਤ ਪੱਖਾਂ ਵਿਚ ਅਰਥ ਲਗਦਾ ਹੈ।

## ਬਕ੍ਰੋਕਤਿ ਅਲੰਕਾਰ, ਲੱਛਣ

ਦੋਹਿਰਾ–

ਕਹੇ ਅਰਥ ਤੋਂ ਹੋਰ ਹੀ ਸ੍ਰੋਤਾ ਕਲਪੇ ਜਾਣਿ।
ਸ਼ਬਦ ਅਰਥ ਦਾ ਬਿੰਗ ਪਾ, ਸੋ ਬਕ੍ਰੋਕਤਿ ਪਛਾਣਿ ॥੨੩੮॥

## ਸ਼ਬਦ ਬਕ੍ਰੋਕਤਿ ਬੰਨਗੀ

### ਦੋਹਿਰਾ—

ਸੁਣਿ ਬਾਲੀ, ਮਨ ਮੋਹਨੀ, ਸੂਰਜ ਮੁਖੀ, ਸੁਨਾਰਿ।
ਭਲੀ ਭਾਂਤ ਪੂਰਣ ਕਰੋ ਸਫਲ ਸੰਜੋਗ ਸ਼ਿੰਗਾਰ ॥੨੩੯॥

## ਉਤਰ ਸ੍ਰੋਤ੍ਹਾ ਦਾ

### ਦੋਹਿਰਾ—

ਬਾਲੀ ਕਹੋਂ ਮੈਂ ਨਾਰਿ ਹਾਂ, ਹਨਾਂਨ ਕਰਾਂ ਨਿਹਾਲ।
ਸੂਰਜ ਮੁਖੀਆਂ ਫੇਰ ਬਣ, ਹਟ ਸੁਨਿਆਰਾ ਭਾਲ ॥੨੪੦॥

ਤਿਲਕ—ਕਹਿਣ ਵਾਲੇ ਨੇ ਬਾਲੀ, ਮਨ ਮੋਹਨੀ ਆਦੀ ਆਖਿਆ, ਮਗਰ ਸ੍ਰੋਤਾ ਨੇ ਬਾਲੀ ਆਦੀ ਦੇ ਹੋਰ ਅਰਥ (ਮੈਂ ਸੁਗ੍ਰੀਵ ਦਾ ਭਾਈ ਨਹੀਂ, ਹਨਨ ਕਰਨ ਵਾਲੀ ਨਹੀਂ, ਫੁਲ ਨਹੀਂ, ਅਤੇ ਸੁਨਿਆਰ ਨਹੀਂ,) ਕਲਪਕੇ ਉਤਰ ਦਿਤਾ।

## ਅਰਥ ਬਕ੍ਰੋਕਤਿ ਬੰਨਗੀ

ਕਬਿੱਤ-ਕਹੋ ਧਰ ਧੀਰ ਚੀਰ ਕਿਥੇ, ਜੋ ਚੁਰਾਏ ਚੋਰ, ਛੋੜ ਆਏ ਰੁਖ ਕਿਥੇ ਬਾਲੀ ਸੀ ਡਰਾਵਣੇ। ਕਹੋ ਅਜ ਕਲ ਕੁਲ ਕੌਣ ਸੀ ਵਧਾਇ ਰਹੇ ਲੰਕਾ ਦੇ ਦੁਆਰੇ ਲਗੇ ਬਾਂਦਰ ਵਧਾਵਣੇ। ਕਿਥੇ ਬਜੇ ਮੁਰਲੀ ਮੋਹਰ ਦੀ 'ਕੇਹਰਿ' ਕਵਿ ੧ਢੋਲ ਦੀ ਢੰਡੋਲ ਭੁਲੇ ਮੁਰਲੀ ਵਜਾਵਣੇ। ਕੇੜ੍ਹੇ ੨ਬਨਮਾਲ ਹੁਣ ਹਾਲ ਬੁਰੇ ਹਾਲ ਹੋਣ ਨਾਰ ਨੂੰ ਤਿਆਗ ਜੋ ਵਿਰਾਗ ਲਗੇ ਨ੍ਹਾਵਣੇ ॥੨੪੧॥

ਤਿਲਕ—ਰਾਮਚੰਦ੍ਰ ਜੀ ਅਤੇ ਕ੍ਰਿਸ਼ਨ ਜੀ ਦੇ ਭਗਤਾਂ ਦੇ ਪ੍ਰਸਪਰ ਮੇਹਣੇ ਹਨ, ਜੋ ਉਟੰਕਨ ਕ੍ਰਿਸ਼ਨ ਜੀ ਦੇ ਕਰਮਾਂ ਤੇ ਹੈ,

. Sri Satguru Jagjit Singh Ji eLibrary NamdhariElibrary@gmail.com .

ਓਹੀ ਉਲਟਾਕੇ ਸ੍ਰੋਤਾ ਵਲੋਂ ਰਾਮਚੰਦ੍ਰ ਜੀ ਤੇ ਕੀਤਾ ਗਿਆ ਹੈ।

ਯਥਾ—ਪ੍ਰਸ਼ਨ ਰਾਮ-ਭਗਤ ਦਾ-ਜੋ ਕਪੜੇ ਕ੍ਰਿਸ਼ਨ ਨੇ ਚੁਰਾਏ ਸਨ ਓਹ ਕਿਥੇ ਹਨ? ਤਾਂ ਕ੍ਰਿਸ਼ਨ ਭਗਤ ਨੇ ਰਾਮਚੰਦ੍ਰ ਜੀ ਦੀ ਕਮਜ਼ੋਰੀ ਨੂੰ ਨਿਸ਼ਾਨਾ ਰੱਖਕੇ ਉੱਤਰ ਦਿੱਤਾ ਕਿ ਕਪੜੇ ਉਨ੍ਹਾਂ ਰੁੱਖਾਂ ਤੇ ਹਨ ਜਿੱਥੇ ਕਿ ਭਿਆਨਕ ਬਾਲੀ ਰਹਿੰਦਾ ਸੀ। ਏਸੇ ਤਰਾਂ ਪ੍ਰਸ਼ਨ ਹੋਯਾ ਕਿ ਹੁਣ ਕਿਸ ਗੋਪੀ ਵਿਚੋਂ ਉਲਾਦ ਪੈਦਾ ਕਰ ਰਹੇ ਹਨ? ਉੱਤਰ ਬਾਂਦਰ ਹੁਲ ਪੈਦਾ ਕਰ ਰਹੇ ਹਨ। ਪ੍ਰਸ਼ਨ—ਕਿਹਦੇ ਘਰ ਹੁਣ ਮੁਰਲੀ ਵਜਦੀ ਹੈ? ਉੱਤਰ—ਆਪਣੀ ਸੁਪਤਨੀ ਦੀ ਖੋਜ ਵਿਚ ਮੁਰਲੀ ਵਜਾਉਣੀ ਹੀ ਭੁੱਲ ਗਈ। ਪ੍ਰਸ਼ਨ—ਹੁਣ ਕਿਹੜੇ ਦਰਯਾਉ੍ਰ ਵਿਚ ਕ੍ਰਿਸ਼ਨ ਕੇਲ ਕਰਦਾ ਹੈ? ਉੱਤਰ—ਸੀਤਾ ਨੂੰ ਬਨਬਾਸ ਦੇਕੇ ਉਸਦੇ ਵੈਰਾਗ ਜਲ ਨਾਲ ਨ੍ਹਾ ਰਹੇ ਹਨ। ਸੋ ਬਕ੍ਰੋਕਤਿ ਹੋਈ।

## ੩. 'ਮੁੱਦ੍ਰਾਲੰਕਾਰ' ਲੱਛਣ

ਦੋਹਿਰਾ—

ਲੋੜੀਂਦੇ ਪਰਸੰਗ 'ਚੋਂ ਬਾਂਛਤ ਸੂਚਨ ਹੋਇ।
ਸੋ ਮੁੱਦ੍ਰਾਲੰਕਾਰ ਹੈ ਸ਼ਬਦ ਅਰਥ ਬਿਧ ਦੋਇ ॥੨੪੨॥

## ਬੰਨਗੀ ਸ਼ਬਦ ਮੁੱਦ੍ਰਾ

ਜਹਾਨ ਪਾਲਿਕਾ—ਮਹਾ ਮੁਬਾਰਿਕਾ ਕ੍ਰਿਪਾਨ ਧਾਰਿਕਾ।
ਅਨੰਦ ਕਾਰਿਕਾ ਸਮੁੰਦ ਤਾਰਿਕਾ।
ਕਰੋ ਸੁਘਾਲਿਕਾ ਬਨਾਇ ਬਾਲਿਕਾ।
ਸੁਪ੍ਰਾਣ ਮਾਲਿਕਾ 'ਜਹਾਨ ਪਾਲਿਕਾ' ।੨੪੩।

---

੧ਇਸਤ੍ਰੀ। ੨ਦਰਯਾਉ।

Sri Satguru Jagjit Singh Ji eLibrary NamdhariElibrary@gmail.com

ਤਿਲਕ—ਛੰਦ ਦਾ ਨਾਮ ਵਿਚੋਂ ਜਣਾਯਾ।

## ਅਰਥ ਮੁੱਦ੍ਰਾ, ਬੰਨਗੀ

ਕਬਿੱਤ—ਰਸ ਕਸ ਤਯਾਗੀ ਤੇ ਵਿਰਾਗੀ ਰੂਪ ਧਾਰਿ ਕੇਤੇ ਮਾਯਾ ਦੇ ਬਜ਼ਾਰ ਚਿਤ ਆਪਣਾ ਵਿਕਾ ਗਏ। ਤਰਕ ਖਿੰਡਾਇ ਭਾਉ ਭਗਤ ਉਠਾਇ ਕੇਤੇ ਦਾਰਿਦ ਦ੍ਰਿੜਾਇ ਔਤ ਅੰਤ ਪਛਤਾ ਗਏ। ਕੇਤੇ ਕਵਿ 'ਕੇਹਰਿ' ਅਕਾਰਣ ਕਹਰ ਕਰਿ ਲੋਕ ਪਰਲੋਕ ਦੋਵੇਂ ਆਪਣਾ ਗਵਾ ਗਏ। ਸਾਂਤ ਬੀਰ ਆਤਮਾ ਮਹਾਤਮਾ ਸ਼ਰਨ ਵਿਚ ਜੇੜ੍ਹੇ ਜੰਤ ਆ ਗਏ ਨਿਕੰਟ ਰਾਜ ਪਾ ਗਏ ॥੨੪੩॥

ਤਿਲਕ—ਅਰਥ ਦੁਆਰਾ ਗੌਤਮ, ਬੁੱਧ, ਸ੍ਰਿੰਗੀਰਿਖ, ਵਿਆਸ, ਜੈਮੁਨੀ, ਅਰੰਡ ਅਤੇ ਔਰੰਗਜ਼ੇਬ ਦਾ ਬ੍ਰਿਤਾਂਤ ਸੂਚਨ ਹੁੰਦਾ ਹੈ।

## ਰਸਵਤ ਆਦੀ ਵਿਚਾਰ

ਦੋਹਿਰਾ—

ਰਸਵਤ ਆਦਿਕ ਸੱਤ ਹਨ, ਰਸ ਦੇ ਜੋ ਅਪਰੰਗ।
ਰਸ ਪਰਕਰਣ ਕਿਹਾ ਨਹੀਂ ਤਾਂਤੇ ਤਜੇ ਨਿਸੰਗ ॥੨੪੫॥

ਤਿਲਕ—ਰਸਵਤ, ਭਾਵਉਦਯਵਤ, ਸੰਧਿਵਤ, ਸਬਲਵਤ, ਪ੍ਰੇਯ, ਉਰਜ਼੍ਵੀ ਅਤੇ ਸਮਾਹਿਤ ਇਹ ੭ ਅਲੰਕਾਰ ਰਸਾਂ ਦੇ ਅਪਰਾਂਗ ਹਨ, ਇਸ ਲਈ ਇਨ੍ਹਾਂ ਦੀ ਵਿਚਾਰ 'ਰਸ' ਵਰਨਨ ਹੋ ਚੁਕਣ ਦੇ ਪਿਛੋਂ ਹੀ ਹੋ ਸਕੇਗੀ।

. Sri Satguru Jagjit Singh Ji eLibrary NamdhariElibrary@gmail.com .

# 'ਅਲੰਕਾਰ ਦੋਸ਼' ਵਰਣਨ

## ੧. ਉਪਮਾਲੰਕਾਰ ਦੋਸ਼

ਗਦਯ—ਕਿਸੇ ਉਪਮੇਯ ਦੇ 'ਬ੍ਰਿਥਾ' ਯਾ 'ਘਟੀਆ' ਉਪਮਾਨ ਕਥਨ ਕਰਨ ਨਾਲ ਉਪਮਾਲੰਕਾਰ ਦੂਸ਼ਤ ਹੁੰਦਾ ਹੈ। ਜੈਸੇ ਹੇ ਰਾਜਾ! ਆਪਦਾ ਜਸ ਦੀਵੇ ਦੀ ਤਰਾਂ ਚਮਕ ਰਿਹਾ ਹੈ ਸੋ ਨਯੂਨਤਾ ਦੋਸ਼ ਹੈ। ਅਤੇ 'ਆਪਦਾ ਜਸ ਬ੍ਰਿਛ ਦੀ ਸ਼ਾਖਾ ਦੀ ਤਰਾਂ ਇਸਥਿਰ ਹੈ" ਇਸ ਵਿਚ ਸ਼ਾਖਾ ਉਪਮਾਨ ਬ੍ਰਿਥਾ ਹੀ ਹੈ।

## ੨. ਉਤਪ੍ਰੇਖਯਾਲੰਕਾਰ ਦੋਸ਼

ਜੇਕਰ ਜਿਉਂ, ਤਿਉਂ, ਸਮ ਆਦੀ ਸ਼ਬਦ ਉਤਪ੍ਰੇਖਯਾ ਵਿਚ ਵਰਤੇ ਜਾਣ ਤਾਂ ਉਪਮਾ ਅਲੰਕਾਰ ਬਣ ਜਾਣ ਕਰਕੇ ਉਤਪ੍ਰੇਖਿਯਾ ਦੂਸ਼ਤ ਹੋ ਜਾਂਦੀ ਹੈ। ਜੈਸੇ "ਤੇਰਾ ਮੁਖ ਚੰਦ ਸਮ ਹੈ" ਇਹ "ਉਪਮਾ" ਬਣ ਗਈ ਸੋ "ਮਾਨ" ਆਦੀ ਚਾਹੀਏ।

ਏਸੇ ਤਰਾਂ ਹੋਰ ਬਹੁਤ ਵਿਚਾਰ ਹੈ ਮਗਰ ਏਥੇ ਐਤਨਾ ਹੀ ਦਿਖਾਉਣਾ ਠੀਕ ਹੈ।

## ਸਾਮਾਨਯ ਸੂਚਨਾ

ਦੋਹਿਰਾ—

ਲੱਛਣ ਦੇ ਅਨੁਸਾਰ ਹੀ ਮੀਤ ਬੰਨਗੀ ਧਾਰ।
ਪ੍ਰੌਢੁਕਤੀ ਅਰੁ ਗੁਣ ਰਚੋ ਦਸ਼ਾਦੋਸ਼ ਵਿਚਾਰ ॥੨੪੬॥

ਤਿਲਕ—ਲੋਕ ਬਯਵਹਾਰ ਤੋਂ ਭਿੰਨ ਜੋ ਉਚ ਖਿਆਲ ਸੋ ਪ੍ਰੌਢੋਕਤੀ ਹੈ, ਮਾਧੁਰਯ, ਓਸ ਤੇ ਪ੍ਰਸਾਦ ਗੁਣ ਹਨ, ਇਨ੍ਹਾਂ

ਦੀ ਵਿਸ਼ੇਸ਼ ਵਰਤੋਂ ਅਤੇ ਦੋਸ਼ਾਂ ਦੋਸ਼ ਦਾ ਧਿਆਨ ਕਰਕੇ ਰਚਨਾ ਕਰਨੀ ਚਾਹੀਏ।

## ਲੱਛ ਤੇ ਵਯੰਗਯ ਵਰਣਨ—

ਦੋਹਿਰਾ—

ਅਲੰਕਾਰ ਨਿਰਣਯ ਲਈ ਲੋੜ ਸਮਝ ਕੇ ਮੀਤ।
ਕਹੇ ਲੱਛ ਤੇ ਵਯੰਗਯ ਦੋ, ਵਰਣਨ 'ਅਧਿਕ' ਕਰੀਤ ॥੨੪੭॥

## ਲੱਛ ਆਦਿ ਵਰਣਨ

ਦੋਹਿਰਾ—

ਵਾਚਯ ਸਬੰਧੇ ਲੱਛਣਾ ਲੱਛ ਪਦਾਰਥ ਜਾਣ।
ਜੋ ਸ਼ਕਤੀ ਦਾ ਆਸਰਾ ਲੱਛਕ ਸ਼ਬਦ ਪਛਾਣ ॥੨੪੮॥

ਤਿਲਕ—ਵਾਚਯਾਰਥ ਦਾ ਅਪਣੇ ਸੰਬੰਧੀ ਨਾਲ ਜੋ ਸੰਬੰਧ ਉਹ ਲੱਛਣਾ, ਅਰਥ ਲੱਛ ਅਤੇ ਪਦ ਲੱਛਕ ਹੈ।

## ਲੱਛਣਾ ਤੇ ਉਦਾਹਰਣ

ਦੋਹਿਰਾ—

ਕਦੇ ਅਧਿਕ ਦਾ ਗ੍ਰਹਿਣ ਹੋ ਕਦੇ ਵਾਚਯ ਹੀ ਤਿਆਗ।
ਫੇਰ ਫਿਰਨ ਜਲ ਗਾਗਰਾਂ, ਪਰਸੇ ਗੰਗ ਪ੍ਰਯਾਗ ॥੨੪੯॥

ਭਾਵ—ਜਦ ਵਾਚਯਾਰਥ ਦ੍ਵਾਰਾ ਤਾਤਪ੍ਰਯ ਨ ਨਿਕਲੇ ਤਾਂ ਕਦੇ ਵਾਚਯ ਦੇ ਸੰਬੰਧੀ ਦਾ ਭੀ ਨਾਲ ਗ੍ਰਹਿਣ ਕਰਕੇ ਲੱਛਾਰਥ ਨਿਸ਼ਚਯ ਕਰੀਦਾ ਹੈ। ਕਦੇ ਵਾਚਯ ਦਾ ਤਿਆਗ ਹੋਕ ਉਹਦੇ ਸੰਬੰਧੀ ਦਾ ਹੀ ਗ੍ਰਹਿਣ ਹੁੰਦਾ ਹੈ। ਜੈਸੇ ਜਲ ਦੀਆਂ ਗਾਗਰਾਂ ਹੀ ਗਾਗਰਾਂ ਫਿਰ ਰਹੀਆਂ ਹਨ ਤਾਂ ਗਾਗਰ ਦਾ ਫਿਰਨਾ ਅਪਣੇ ਆਪ ਨਹੀਂ ਹੁੰਦਾ, ਕੋਈ ਪੁਰਸ਼

ਲਈ ਹਿਰਦੇ ਹੋਣ ਕਰਕੇ 'ਪੁਰਸ਼ਾਂ' ਦਾ ਅਧਿਕ ਗ੍ਰਹਿਣ ਭੀ ਹੋਇਆ ਅਰ "ਗਾਰ.ਰਾਂ" ਦਾ ਭੀ ਤਿਆਗ ਨਾ ਹੋਇਆ ਇਸ ਲਈ ਸਾਗਰ ਪਦ ਲੱਛਕ, ਉਹਦੀ ਸ਼ਕਤੀ ਅਜਹਤ-ਸ੍ਵਾਰਥਾ ਹੈ। ਅਤੇ ਪ੍ਰਯਾਗ ਦਾ ਗੰਗਾ ਨੂੰ ਛੇਟਣਾ ਨਹੀਂ ਬਣਦਾ ਤਾਂਤੇ ਸ਼ਹਿਰ ਦੇ ਸੰਬੰਧੀ ਪੁਰਸ਼ਾਂ ਦਾ ਹੀ ਗ੍ਰਹਿਣ ਹੋਇਆ। ਵਾਚਯ ਦਾ ਹੀ ਤਿਆਗ ਹੋਣ ਕਰਕੇ 'ਪ੍ਰਯਾਗ' ਪਦ ਲੱਛਕ ਪੁਰਸ਼ ਲੱਛ ਅਤੇ ਪ੍ਰਯਾਗ ਦੇ ਆਸ਼੍ਰਿਤ ਬਿਰਤੀ ਦਾ ਨਾਮ 'ਜਹਤ ਸਵਾਰਥਾ' ਲੱਛਣ ਹੈ।

## ਵ੍ਯੰਗਯ ਵਰਣਨ 'ਵ੍ਯੰਜਨਾ' ਲਛਣ

ਦੋਹਰਾ—

ਹੋਇ ਸ਼ਕਤਿ ਤੇ ਭਿੰਨ ਜੋ ਸ਼ਕਤਿ ਵਯੰਜਨਾ ਸੋਇ।<br>
ਵਯੰਜਕ ਪਦ ਯਾ ਅਰਥ ਤੋਂ ਵਯੰਗ੍ਯ ਦਿਖਾਵੇ ਦੋਇ ॥੨੫੦॥

ਤਿਲਕ-ਜੋ ਸ਼ਕਤੀ ਵ੍ਯੰਜਕ ਪਦ ਯਾ ਵਿਅੰਜਕ ਅਰਥ ਤੋਂ ਭੀ ਵਿਅੰਗ ਅਰਥ ਕਢੇ ਉਹ ਵਿਯੰਜਨਾ ਹੈ।

ਦੋਹਰਾ—

ਗੂਢ ਅਗੂਢ ਵਯੰਗਯ ਧੁਨਿ ਗੁਣੀ ਭੂਤ ਹਨ ਨਾਮ।<br>
ਦੱਬ ਮਰਨ ਧਨੁ ਧਨੁਯ ਸੋ ਭਲਾ ਨ ਲੋਭ ਪ੍ਰਨਾਮ ॥੨੫੧॥

ਭ ਵ—ਗੂਢ ਵਯੰਗ ਦਾ ਨਾਮ ਹੀ੧ਧੁਨੀ ਅਤੇ ਅਗੂਢ ਵਯੰਗ੍ਯ ਹੀ ਗੁਣੀ ਭੂਤ ਜਾਂ ਮੱਧਮ ਵਯੰਗਯ ਹੈ। ਉਦਾਹਰਣ "ਜੋ ਧਨ ਨੂੰ ਦੱਬ ਮਰਦੇ ਹਨ ਉਹ ਧੰਨ ਹਨ" ਇਸ ਵਾਕਯ

---

੧ਏਸ ਪੱਖ ਉਤੇ ਬਹੁਤ ਵਿਚਾਰ ਵਡੇ ਗ੍ਰੰਥ ਵਿਚ ਦੇਖੋ।

. Sri Satguru Jagjit Singh Ji eLibrary NamdhariElibrary@gmail.com .

ਵਿਚੋਂ ਵਯੰਗਯ ਇਹ ਨਿਕਲਿਆ ਕਿ ਉਨ੍ਹਾਂ ਸੂਮਾਂ ਦੇ ਧ੍ਰਿਗ ਹੈ ਜੋ ਦਾਨ ਆਦੀ ਚੰਗੇ ਕਰਮ ਤੇ ਧਨ ਖਰਚ ਨਹੀਂ ਕਰਦੇ ਧੁਨੀ ਇਹ ਕਿ ਮੇਰੀ ਰੁਚੀ ਤਾਂ ਦਾਨ ਆਦੀ ਸ਼ੁਭ ਕਰਮ ਕਰਨ ਵਿਚ ਹੈ। ਸੋ ਗੂਢ ਵਯੰਗ। ਅਤੇ "ਲੋਭ ਦਾ ਫਲ ਅੱਛਾ ਨਹੀਂ" ਇਸ ਵਾਚਯ ਤੋਂ ਇਹ ਵਯੰਗਯ ਨਿਕਲਿਆ ਕਿ ਲੋਭ ਕਰਕੇ ਜੇਲਖਾਨੇ ਅਤੇ ਮੌਤ ਆਦੀ ਮਿਲਦੇ ਹਨ ਸੋ ਵਾਚਯ ਦੇ ਬਰਾਬਰ ਹੀ ਹੋਣ ਕਰਕੇ ਗੁਣੀਭੂਤ ਵਯੰਗ ਹੈ।

---

## (ਗ੍ਰੰਥ ਫਲ)

ਦੋਹਿਰ—

ਵਾਚਯ-ਲੱਛ ਹਨ ਇੰਦ੍ਰਯ 'ਕੇਹਰਿ' ਕਵਿ 'ਧੁਨਿ ਪ੍ਰਾਨ'।
ਭਾਵ ਜਾਨ ਜੀਵਾਤਮਾ ਸਬਦ ਦੇਹ ਜਿਉਂ ਮਾਨ ॥੨੫੨॥

ਦੋਹਿਰਾ—

ਕਾਵਯ ਕਾਮਣੀ ਕਾਂਇ ਦੇ ਭੂਸ਼ਣ ਦਏ ਸਜਾਇ।
ਪੜੇ ਚਤੁਰ ਚਿਤ ਲਾਇ ਜੋ ਚਪਲ ਕਾਵਯ ਵਸ ਆਇ॥੨੫੩॥
ਉਭੇ, ਅਰਥ ਭੂਸ਼ਨ ਸਭੇ, ਅਰਥ ਸਹਾਇਕ ਜਾਨ।
ਮੜਕ ਸਿਖਾਵਣ 'ਸ਼ਬਦ' ਦੇ 'ਚਿਤ੍ਰ ਚਾਤੁਰੀ ਖਾਨ ॥੨੫੪॥

ਤਿਲਕ—ਉਭਯਲੰਕਾਰ ਅਤੇ ਅਰਥਾਲੰਕਾਰ ਅਰਥ ਕੱਢਣ ਲਈ ਸਹਾਈ ਹੁੰਦੇ ਹਨ, ਸ਼ਬਦਾਲੰਕਾਰਾਂ ਨਾਲ ਬਾਣੀ ਵਿਚ ਮੜਕ ਪੈਦਾ ਹੁੰਦੀ ਹੈ। ਚਿਤ੍ਰ ਕੇਵਲ ਚਤੁਰਾਈ ਹੀ ਪੈਦਾ ਕਰਦੇ ਹਨ।

Sri Satguru Jagjit Singh Ji eLibrary NamdhariElibrary@gmail.com

ਦੋਹਿਰਾ—

ਅਲੰਕਾਰ ਨਿਰਣਯ ਪੜ੍ਹੇ ੧ਦਰਸ਼ਨ ਦੀ ਸੁਧ ਹੋਇ।
ਦਰਸ਼ਨ ਪੜ੍ਹ ਗੁਰ ਜਸ ਸੁਣੇ, ਜਸ ਸੁਣ ਮੁਕਤਾ ਹੋਇ॥੨੫੪॥
ਅਲੰਕਾਰ ਨਿਰਣਯ ਲਘੂ ਬੜਾ ਤੇਜ ਵਿਖਲਾਇ।
ਨਵ ਸੂਰਜ ਸੁਤ ਸਿੰਘ ਜਿਉਂ ਗਿਰਗਜ ਥਾਪਣ ਪਾਇ॥੨੫੬॥

ਅਥਵਾ—

ਦੋਹਿਰਾ—

ਕਵਿ ਰੀਝਾਵਣ ਕਾਰਣੇ ਲਿਆ ਬਹਾਨਾ ਟੋਲ।
ਨਹੀਂ ਤਾਂ ਗੁਰ ਦਸਮੇਸ਼ ਦੀ ਮਹਿਮਾ ਅਟਲ ਅਡੋਲ॥੨੫੭॥
ਸਾਲ ਉਣੰਜਾ ਚਾਰ ਸੈ ਪੋਹ ਪ੍ਰਵਿਸ਼ਟਾ ਏਕ।
ਅਲੰਕਾਰ ਨਿਰਣਯ ਕਿਹਾ ਧਾਰ ਗੁਰਾਂ ਗੁਰ ਟੇਕ॥੨੫੮॥

---

੧'ਗੁਰੂ ਕਾਵ੍ਯ ਦਰਸ਼ਨ' ਦੀ ਦੂਜੀ ਝਲਕ—'ਅਲੰਕਾਰ-ਦਰਸ਼ਨ' ਤੋਂ ਮੁਰਾਦ ਹੈ।

---

"ਪੰਜਾਬ ਗਿਆਨੀ ਪ੍ਰੈਸ" ਭਦੌੜ ਹਾਊਸ ਲੁਧਿਆਣਾ
ਵਿਚ ਸਰਦਾਰ ਸੰਤੋਖ ਸਿੰਘ ਸਿੱਧੂ ਦੇ
ਯਤਨ ਨਾਲ ਛਪੀ।

Sri Satguru Jagjit Singh Ji eLibrary NamdhariElibrary@gmail.com

# ਅਮੋਲਕ ਅਤੇ ਅਦ੍ਵਤੀ ਪੁਸਤਕਾਂ


੧. ਜਪੁਜੀ ਸਾਹਿਬ (ਕਾਮਧੇਨੁ ਟੀਕਾ ਸਹਿਤ) ੧।।)

੨. ਗੁਰਮੁਖੀ ਅਤੇ ਹਿੰਦੀ ਲਿੱਪੀ ਦਾ ਟਾਕਰਾ ।।)

੩. ਖੜਗ ਖਾਲਸਾ । ਦਯਾਨੰਦੀਆਂ ਦਾ ਖੰਡਨ
ਅਤੇ ਨਿਰੋਲ ਗੁਰਮਤਿ ਮੰਡਨ ।।।)

੪. ਸ੍ਵੈਯੇ ਸਟੀਕ (ਅਕਾਲ ਉਸਤਤ) ਵਿਚਲੇ
੨੦ ਸ੍ਵੈਯੇ ਅਤੇ ੧੦ ਦੋਹਿਰੇ ।।)

੫. ਅਲੰਕਾਰ ਨਿਰਣਯ ।।।)

੬. ਸ੍ਰੀ ਗੁਰੂ ਭੱਟ ਬਾਣੀ ਪ੍ਰਕਾਸ਼ ।।)

੭. ਗੁਰਮੁਖੀ ਪੰਜਾਬੀ ਦੀ ਵਿਸ਼ੇਸ਼ਤਾ

੮. ਗੁਰੂ ਪਦਾਰਥ ਨਿਰਣਯ ੨)

ਮਿਲਣ ਦਾ ਪਤਾ:—

ਗਿਆਨੀ ਰਘਬੀਰ ਸਿੰਘ

ਦਾਖਾ (ਲੁਧਿਆਣਾ)

# 'ਵਿਦਿਆ ਵਟਤ' ਕਾਰਯਾਲਯ ਦੀਆਂ ਛਪੀਆਂ ਪੁਸਤਕਾਂ

੧. ਹਿੰਦੀ ਤੇ ਗੁਰਮੁਖੀ ਲਿੱਪੀ ਦਾ ਟਾਕਰਾ ॥)
੨. ਸ੍ਰੀ ਗੁਰੂ ਵਿਆਕਰਣ ਪੰਚਾਇਣ (ਪੂਰਬਾਰਧ) ੩)
੩. ਜਪੁਜੀ ਸਾਹਿਬ ਸਟੀਕ(ਕਾਮਧੇਨ ਵ੍ਯਾਖਿਆ ਸਹਿਤ) ੧॥)
੪. ਅਲੰਕਾਰ ਨਿਰਣਯ ॥-)

ਛਪ ਰਹੀਆਂ ਪੁਸਤਕਾਂ—

੧. ਨਿੱਤ ਨੇਮ ਸਟੀਕ (ਸਰਲ ਟੀਕਾ)।
੨. ਪੰਜਾਬੀ ਗੁਰਮੁਖੀ ਦੀ ਵਿਸ਼ੇਸ਼ਤਾ।
੩. ਕਾਦੰਬਰੀ ਅਨੁਵਾਦ (ਪੂਰਬਾਰਧ)
੪. ਦਰਸ਼ਨ ਪਰਿਭਾਸ਼ਾ
੫. ਨਿਆਇ ਪਰਿਭਾਸ਼ਾ (ਦੂਜਾ ਸੰਸਕਰਣ)
੬. ਖੜਗ ਖਾਲਸਾ ,, ੧॥)
੭. ੨੦ ਦੋਹਰੇ ਤੇ ੨੦ ਸ੍ਵੈਯੇ (ਗਿਆਨ ਪ੍ਰਬੋਧ) ਦੂਜਾ ਸੰਸਕਰਣ ॥)
੮. ਸ੍ਰੀ ਗੁਰੂ ਭੱਟ ਬਾਣੀ ਪ੍ਰਕਾਸ਼ ॥)
੯. ਪੰਜਾਬੀ ਭਾਸ਼ਾ ਦੀ ਮਹੱਤਤਾ ॥)
੧੦. ਗੁਰੂ ਕਾਵ੍ਯ ਦਰਸ਼ਨ ਪਿੰਗਲ
੧੧. ਗੁਰੂ ਪਦਾਰਥ ਨਿਰਣੈ

Sri Satguru Jagjit Singh Ji eLibrary NamdhariElibrary@gmail.com